ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 10
June 11, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਕ੍ਰਾਂਤੀਕਾਰੀ ਵਿਸ਼ਨੂੰ ਗਣੇਸ਼ ਪਿੰਗਲੇ ਦੇ ਜੀਵਨ ਤੇ ਸੰਘਰਸ਼ ਬਾਰੇ ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ ਲੇਖ ਪੜ੍ਹੋ ਸਫਾ ਤੇ



ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਧੁੱਗਾ ਐਲਮਿਡਾ ਕਾਉਂਟੀ ਦੇ ਕਮਿਸ਼ਨਰ ਨਿਯੁਕਤ

## ਪਿਟਸਬਰਗ 'ਚ ਮਨਾਇਆ ਡਾ.ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ



ਸਬੰਧਿਤ ਖਬਰ ਦੇਖੋ ਸਫਾ 5 ਉਤੇ ਅਤੇ ਤਸਵੀਰਾਂ ਸਫਾ 11 ਤੇ)

## ਵਿਸ਼ਾਲ ਨਗਰ ਕੀਰਤਨ ਮੌਕੇ ਸੈਨਫਰਾਂਸਿਸਕੋ ਵਿਖੇ ਸੰਗਤਾਂ ਦਾ ਭਾਰੀ ਇਕੱਠ



ਸਬੰਧਿਤ ਖਬਰ ਦੇਖੋ ਸਫਾ 3 ਉਤੇ

## ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਦੀ ਪ੍ਰਕਿਰਿਆ ਆਰੰਭ



ਅੰਮ੍ਰਿਤਸਰ- ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਸਮੇਤ ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਲਈ ਸਰਕਾਰੀ ਤੌਰ 'ਤੇ ਕਾਰਵਾਈ ਸ਼ੁਰੂ ਹੋ ਗਈ ਹੈ। ਇਹ ਖ਼ੁਲਾਸਾ ਸਿੱਖ ਬੰਦੀਆਂ ਦੀ ਰਿਹਾਈ ਲਈ ਬਣੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕੀਤਾ ਹੈ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਅੱਜ ਇੱਥੇ ਅਕਾਲ ਤਖ਼ਤ ਵਿਖੇ ਸਿੱਖ ਬੰਦੀਆਂ ਦੀ ਰਿਹਾਈ ਲਈ ਚੌਪਈ ਸਾਹਿਬ ਦੇ ਪਾਠ ਅਤੇ ਅਰਦਾਸ ਕੀਤੀ ਹੈ। ਸੰਘਰਸ਼ ਕਮੇਟੀ ਦੀ ਅਗਵਾਈ ਕਰ

(ਬਾਕੀ ਸਫਾ 20 ਤੇ)

## ਮਨੁੱਖਤਾ ਦੀ ਭਲਾਈ ਲਈ ਹਿੰਦੂ ਮੰਦਰ ਹਮੇਸ਼ਾਂ ਯਤਨਸ਼ੀਲ ਰਹੇਗਾ-ਰਾਜ ਭਨੋਟ



ਪਹਿਲੀ ਕਤਾਰ ਵਿਚ ਖਬਿਉਂ ਸੱਜੇ ਬੈਠੇ ਹਨ ਸ਼੍ਰੀ ਰਾਜ ਭਨੋਟ, ਸਤਨਾਮ ਸਿੰਘ ਚਾਹਲ, ਕੌਂਸਲਰ ਜਨਰਲ ਵੈਂਕਟਸਨ ਅਸ਼ੋਕ, ਡਿਪਟੀ ਕੌਂਸਲਰ ਜਨਰਲ ਡਾ. ਕੇ. ਜੇ. ਸਿਰੀਨਿਵਾਸਨ ਤੇ ਹੋਰ

ਸੰਨੀਵੇਲ (ਕੈਲੀਫੋਰਨੀਆ) ਹਰ ਸਾਲ ਵਾਂਗ ਇਸ ਸਾਲ ਵੀ ਕੈਲੀਫੋਰਨੀਆ ਦੇ ਸੰਨੀਵੇਲ ਸ਼ਹਿਰ ਵਿਚ ਸਥਿਤ ਹਿੰਦੂ ਮੰਦਰ ਵਿਖੇ ਦੂਸਰਾ ਸ਼ਾਨਦਾਰ ਕਲਾ ਮਹਾਉਤਸਵ ਬਹੁਤ ਹੀ ਸ਼ਾਂਨਦਾਰ ਢੰਗ ਨਾਲ ਮਨਾਇਆ ਗਿਆ ਜਿਸ ਵਿਚ ਵੱਖ ਕਲਾਕਾਰਾਂ ਨੇ ਆਪੋ ਆਪਣੀ ਕਲਾ ਦੇ ਜੌਹਰ ਵਿਖਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਇਸ ਮੌਕੇ ਤੇ ਕਮਿਊਨਿਟੀ ਦੇ ਵੱਖ ਵੱਖ ਆਗੂਆਂ ਤੋਂ ਇਲਾਵਾ ਸਾਨਫਰਾਂਸਿਸਕੋ ਸਥਿਤ ਭਾਰਤ ਦੇ ਐਮਬੈਸਡਰ ਸ਼੍ਰੀ ਵੈਂਕਟਾਸਨ ਅਸ਼ੋਕ, ਡਿਪਟੀ ਕੌਂਸਲਰ ਜਨਰਲ ਡਾ. ਕੇ. ਜੇ.ਸਿਰੀਨਿਵਾਸਨ, ਕੌਂਸਲਰ ਕਮਿਊਨਿਟੀ ਅਫੇਅਰਜ ਸ਼੍ਰੀ ਕੇ. ਵੈਂਕਟਾ ਰਮਾਨਾ ਤੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਸ਼ਾਂਮਲ ਹੋਏ।

ਇਸ ਮੌਕੇ ਤੇ ਬੋਲਦਿਆਂ ਮੰਦਰ ਕਮੇਟੀ ਦੇ ਫਾਊਂਡਰ ਸ਼੍ਰੀ ਰਾਜ ਭਨੋਟ ਨੇ ਸਮੂਹ ਦਰਸ਼ਕਾਂ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਮੇਲੇ ਦੀ ਮਹੱਤਤਾ ਬਾਰੇ ਜਾਣਕਾਰੀ ਦਿਤੀ। ਸ਼੍ਰੀ ਭਨੋਟ ਨੇ ਮੰਦਰ ਦੀਆਂ ਸਮਾਜਿਕ ਤੇ ਧਾਰਮਿਕ ਖੇਤਰ ਵਿਚ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਿਕਰ ਵੀ ਕੀਤਾ। ਇਸ ਮੌਕੇ ਤੇ ਮੰਦਰ ਕਮੇਟੀ ਵਲੋਂ ਸ਼੍ਰੀ ਰਾਜ ਭਨੋਟ, ਸੰਜੇ ਅਗਰਵਾਲ, ਤੇ ਸੁਰਜੀਤ ਸੇਨ ਗੁਪਤਾ ਨੇ 195000 ਹਜਾਰ ਡਾਲਰ ਦਾ ਚੈਕ ਸੇਵਾ ਨਾਮ ਦੀ ਸੰਸਥਾ ਦੇ ਮੁਖੀ ਸ਼੍ਰੀ ਚੰਦਰੂ ਭੰਵਰਾ ਨੂੰ ਨਿਪਾਲ ਦੇ ਭੁਚਾਲ ਪੀੜਤਾਂ ਲਈ ਦਿਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਕੌਂਸਲਰ ਜਨਰਲ ਆਫ ਇੰਡੀਆਂ ਸ਼੍ਰੀ ਅਸ਼ੋਕ ਨੇ ਮੰਦਰ ਕਮੇਟੀ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁਖਤਾ ਦੀ ਸੇਵਾ ਹੀ ਸਹੀ ਧਰਮ ਹੈ। ਉਹਨਾਂ ਕਿਹਾ ਕਿ ਮੰਦਰ ਕਮੇਟੀ ਵਲੋਂ ਕੀਤੇ ਜਾ ਰਹੇ ਅਜਿਹੇ ਯਤਨਾਂ ਕਾਰਣ ਅਜ ਇਹ ਧਾਰਮਿਕ ਸੰਸਥਾ ਵੱਖ ਵੱਖ ਧਰਮ ਦੇ ਲੋਕਾਂ ਲਈ ਇਕ ਕੇਂਦਰ ਬਣ ਗਈ ਹੈ।


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com





KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswagen
50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674







SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR.
STOCKTON, CA- 95212
(NEAR HWY 99 ON MORADA LANE)



AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY West#F Hayward, CA 94544





Prop: Jasbir Singh Takhar
510-755-2132





Harmandeep Singh





RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING & HENNA TATTOO (EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
BRIDAL BOUTIQUE JEWELRY
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ
KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

# ਸਿੱਖ ਪ੍ਰਭੂਸੱਤਾ ਦੇ ਸ਼ਹੀਦੀ ਨਗਰ ਕੀਰਤਨ ਵਿਚ ਹਜ਼ਾਰਾਂ ਸੰਗਤਾਂ ਨੇ ਖਾਲਿਸਤਾਨ ਲਈ ਦ੍ਰਿੜਤਾ ਪ੍ਰਗਟਾਈ

**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ)–** ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸ਼ਹਿਰ ਵਿਚ ਹਜ਼ਾਰਾਂ ਸੰਗਤਾਂ ਨੇ ਗੁਲਾਮੀ ਤੋਂ ਛੁਟਕਾਰਾ ਹਾਸਲ ਕਰਕੇ ਅਜ਼ਾਦੀ ਲਈ ਜ਼ੋਰਦਾਰ ਹੰਭਲਾ ਮਾਰਕੇ ਖਾਲਿਸਤਾਨ ਪ੍ਰਤੀ ਦ੍ਰਿੜਤਾ ਦਾ ਇਜ਼ਹਾਰ ਕੀਤਾ। ਐਤਵਾਰ ਨੂੰ ਡਾਊਨ ਟਾਊਨ ਵਿਚ ਸਜਾਏ ਗਏ ਫਰੀਡਮ ਮਾਰਚ ਵਾਲੇ ਨਗਰ ਕੀਰਤਨ ਵਿਚ ਪੂਰੇ ਕੈਲੇਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਤੋਂ ਬੱਸਾਂ ਤੇ ਆਪਣੀਆ ਕਾਰਾਂ ਵਿਚ ਪਹੁੰਚੀਆ ਸੰਗਤਾਂ ਨੇ ਸਹਿਜ ਵਿਚ ਸਬਦ ਗੁਰਬਾਣੀ ਪੜਦਿਆਂ–ਸੁਣਦਿਆਂ ਸਿੱਖ ਪ੍ਰਭੂਸੱਤ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ। ਇਹ ਸ਼ਹੀਦੀ ਨਗਰ ਕੀਰਤਨ ਇੰਗਲੈਂਡ ਤੋਂ ਖਾਸ ਸੱਦੇ ਤੇ ਪਹੁੰਚੇ ਜਾਗੋ ਵਾਲਿਆਂ ਦੇ ਕਵੀਸ਼ਰੀ ਜਥੇ ਦੀ ਕਵੀਸ਼ਰੀ ਕਲਾ ਨਾਲ ਸ਼ੁਰੂ ਹੋਇਆ।ਅਮਰੀਕੀ ਸਿੱਖ ਨੌਜਵਾਨਾਂ ਵੱਲੋਂ ਬੀਬੀ ਪੁਨੀਤ ਕੌਰ ਖਾਲਸਾ ਨੇ ਵੀਚਾਰਾਂ ਦੀ ਸ਼ੁਰੂਆਤ ਕਰਦਿਆਂ ਆਪਣੇ ਵੀਚਾਰਾਂ ਵਿਚ ਭਾਰਤ ਅੰਦਰ ਸਿੱਖ ਕੌਮ ਨਾਲ ਵਾਪਰੇ ਗੁਲਾਮੀ–ਦੁਖਾਂਤ ਦਾ ਜ਼ਿਕਰ ਕਰਦਿਆ ਅਜ਼ਾਦੀ ਭਾਵ ਖਾਲਿਸਤਾਨ ਦੀ ਲੋੜ, ਮਜਬੂਰੀ ਤੇ ਕੌਮ ਦੇ ਜ਼ਿੰਦਾ ਰਹਿਣ ਤੇ ਇਸਦੀ ਹੋਂਦ ਬਚਾਉਣ ਲਈ ਅਜ਼ਾਦੀ ਉਤੇ ਪਹਿਰਾ ਦੇਣ ਉਤੇ ਜ਼ੋਰ ਦਿੱਤਾ। ਫਰੀਡਮ ਮਾਰਚ ਸ਼ੁਰੂ ਹੋਣ ਤੋਂ ਲੈ ਕੇ ਅਖੀਰ ਤੱਕ ਖਾਲਿਸਤਾਨ ਦੇ ਨਾਹਰੇ ਗੂੰਜਦੇ ਰਹੇ। ਨੌਜਵਾਨਾਂ ਲਗਾਤਾਰ ਭਾਰਤ ਸਰਕਾਰ ਨੂੰ ਉਸਦੇ ਸਿੱਖਾਂ ਉਤੇ ਕੀਤੇ ਜ਼ੁਲਮਾਂ ਲਈ ਕੋਸਦੇ ਰਹੇ। ਸਿੱਖਸ ਫਾਰ ਜਸਟਿਸ ਦੁਆਰਾ ਤਿਆਰ ਕੀਤੇ ਰੈਫਰੈਂਡਮ 2020 ਦੇ ਮਾਟੋ ਹਜ਼ਾਰਾਂ ਸੰਗਤਾਂ ਨੇ ਚੁੱਕੇ ਹੋਏ ਸਨ, ਜਿਸ ਵਿਚ ਲੋਕਤੰਤਰੀ ਢੰਗਾਂ ਤਰੀਕਿਆਂ ਦੀ ਵਰਤੋਂ ਕਰਦਿਆ ਕੌਮ ਦੀ ਅਜ਼ਾਦੀ ਦੀ ਗੱਲ ਕੀਤੀ ਗਈ ਸੀ। ਕਈ ਕਫਨ ਵੀ ਸੰਗਤਾਂ ਨੇ ਚੁੱਕੇ ਹੋਏ ਸਨ ਜੋ ਭਾਰਤ ਦੀ ਵਹਿਸ਼ੀ ਸਰਕਾਰ ਦੁਆਰਾ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਕੀਤੀਆਂ ਸੰਗਤਾਂ ਤੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ ਗਏ ਨੌਜਵਨਾਂ ਦੀ ਯਾਦ ਤਾਜ਼ਾ ਕਰਵਾ ਰਹੇ ਸਨ। ਰਸਤੇ ਵਿਚ ਸਿੱਖੀ ਬਾਰੇ ਲਿਖਤੀ ਕਿਤਾਬਚੇ ਵੰਡੇ ਗਏ ਸਨ। ਗੋਰੇ, ਕਾਲੇ, ਚੀਨੇ ਤੇ ਲਤੀਨੀ ਅਮਰੀਕਾ ਸਭ ਤਸਵੀਰਾਂ ਲੇ ਰਹੇ ਸਨ ਤੇ ਸਿੱਖ ਪਰੇਡ ਬਾਰੇ ਜਾਣਕਾਰੀ ਹਾਸਲ ਕਰ ਰਹੇ ਸਨ। ਕੈਲੈਫੋਰਨੀਆ ਗਤਕਾ ਦਲ ਦੇ ਕਈ ਸੌ ਦੀ ਗਿਣਤੀ ਵਿਚ ਪਹੁੰਚੇ ਨੌਜਵਾਨਾਂ ਨੇ ਸੰਤ ਸਿਪਾਹੀ ਦੇ ਅਸਲ ਰੂਪ ਨੂੰ ਗਤਕੇ ਰਾਹੀਂ ਰੂਪਮਾਨ ਕੀਤਾ। ਬੜੇ ਅਨੁਸ਼ਾਸ਼ਨ ਵਿਚ ਸ਼ਹੀਦੀ ਨਗਰ ਕੀਰਤਨ ਸਿਵਿਕ ਸੈਂਟਰ ਦੇ ਵਡੇ ਮੈਦਾਨ ਵਿਚ ਪਹੁੰਚਿਆਂ ਜਿਥੇ ਲੰਗਰ, ਚਾਹ, ਫਲ, ਅੰਬ ਦੀ ਲੱਸੀ ਤੇ ਹੋਰ ਠੰਡਿਆਂ ਦਾ ਇੰਤਜ਼ਾਮ ਕੀਤਾ ਹੋਇਆ ਸੀ। ਹਜ਼ਾਰਾਂ ਸੰਗਤਾਂ ਲਈ ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ ਫਰੀਮਾਂਟ, ਸੈਨ ਫਰਾਂਸਿਸਕੋ ਪੰਜਾਬੀ ਟੈਕਸੀ ਐਸੋਸੀਏਸ਼ਨ, ਸਾਊਥ ਸੈਨ ਫਰਾਂਸਿਸਕੋ ਗੁਰਦੁਆਰਾ, ਮੈਹਫਿਲ ਇੰਡੀਅਨ ਕੁਜ਼ੀਨ, ਨਾਰਥ ਇੰਡੀਆ ਰੈਸਟੋਰੈਂਟ, ਗੋਲਡਨ ਗੇਟ ਇੰਡੀਅਨ ਕੁਜ਼ੀਨ ਐਂਡ ਪੀਜ਼ਾ, ਜ਼ੈਂਟੇ ਪੀਜ਼ਾ ਐਂਡ ਇੰਡੀਅਨ ਕੁਜ਼ੀਨ ਦੇ ਆਪਸੀ ਸਹਿਯੋਗ ਨਾਲ ਤਿਆਰ ਹੋਇਆ। ਲੰਗਰ ਛਕਦਿਆਂ ਵਿਸ਼ੇਸ ਤੌਰ ਤੇ ਬੁਲਾਏ ਗਏ ਬੁਲਾਰਿਆ ਦੇ ਵੀਚਾਰ ਸੁਣਨ ਲਈ ਸੰਗਤਾਂ ਵਡੇ ਮੈਦਾਨ ਵਿਚ ਹਰੇ ਘਾਹ ਉਤੇ ਬੈਠਦੀਆਂ ਗਈਆਂ। ਬੁਲਾਰਿਆਂ ਵਿਚ ਕੈਨੇਡਾ ਤੋਂ ਆਈ ਡਾ: ਇੰਦਰ ਪ੍ਰਸਤ, ਭਾਈ ਜਗਮੀਤ ਸਿੰਘ ਜੋ ਕੈਨੇਡਾ ਦੇ ਓਂਟਾਰੀਓ ਰਾਜ ਦੇ ਚੁਣੇ ਹੋਏ ਵਿਧਾਨ ਸਭਾ ਮੈਂਬਰ ਹਨ, ਬੀਬੀ ਨਵਕਿਰਨ

(ਬਾਕੀ ਸਫਾ ਤੇ ਦੇਖੋ)
















ਭਾਈ ਹਵਾਰਾ ਦੇ ਮਾਤਾ ਜੀ ਦੇ ਸਨਮਾਨ ਦੀ ਤਸਵੀਰ








# ਕਰਮਨ ਪੰਜਾਬੀ ਸਕੂਲ ਦੇ ਬੱਚਿਆ ਵੱਲੋਂ ਕੀਤਾ ਸਲਾਨਾ ਧਾਰਮਿਕ ਸਮਾਗਮ ਯਾਦਗਾਰੀ ਹੋ ਨਿਬੜਿਆ





**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ)** ਸੈਂਟਰਲ ਕੈਲੀਫੋਰਨੀਆਂ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਵਿਖੇ 'ਕਰਮਨ ਪੰਜਾਬੀ ਸਕੂਲ' ਦੇ ਬੱਚਿਆ ਵੱਲੋਂ ਆਪਣੇ ਵਿਦਿਅਕ ਸਾਲ ਦੀ ਸਮਾਪਤੀ 'ਤੇ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਕਰਵਾਏ ਗਏ। ਜਿਸ ਵਿੱਚ ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਅਤੇ ਸਾਥੀਆ ਦੇ ਕੀਰਤਨ ਕਰਨ ਉਪਰੰਤ ਬਾਕੀ ਸਮੁੱਚਾ ਸਮਾਗਮ ਬੱਚਿਆ ਵੱਲੋਂ ਕੀਤਾ ਗਿਆ। ਜਿਸ ਦੀ ਸੁਰੂਆਤ ਸਾਲ 1984 ਦੇ ਸਹੀਦਾ ਨੂੰ ਯਾਦ ਕਰਦੇ ਹੋਏ ਬਤੌਰ ਸਰਧਾਜ਼ਲੀ ਬੱਚਿਆ ਦੁਆਰਾ ਸੰਖੇਪ ਇਤਿਹਾਸ ਸਾਝਾਂ ਕੀਤਾ ਗਿਆ। ਇਸ ਬਾਅਦ ਬੱਚਿਆ ਦੇ ਵੱਖ-ਵੱਖ ਉਮਰ ਦੇ ਗਰੁੱਪਾ ਨੇ ਸਬਦ ਕੀਰਤਨ ਕਰਕੇ ਆਪਣੀ ਹਾਜ਼ਰੀ ਭਰੀ। ਸਟੇਜ਼ ਦਾ ਸੰਚਾਲਨ ਵੀ ਬੱਚਿਆ ਵਿੱਚੋਂ ਕਿਰਨ ਬਰਾੜ ਨੇ ਕੀਤਾ।

ਇਸ ਸਕੂਲ ਵਿੱਚ 100 ਤੋਂ ਵਧੀਕ ਬੱਚੇ ਪੜਦੇ ਹਨ, ਜਿੰਨ੍ਹਾਂ ਨੂੰ ਪੰਜਾਬੀ ਸਿਖਾਉਣ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਸੱਭਿਆਚਾਰਕ ਗਤੀਵਿਧੀਆ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਸਮੇਂ ਸਟੇਜ਼ ਤੋਂ ਵੱਖ-ਵੱਖ ਬੁਲਾਰਿਆ ਵਿੱਚ ਸ. ਗੁਰਜੰਟ ਸਿੰਘ ਗਿੱਲ (ਸਕੂਲ ਦੇ ਪ੍ਰੈਜ਼ੀਡੇਟ), ਕੁਲਵੰਤ ਸਿੰਘ, ਸ. ਕੁਲਦੀਪ ਸਿੰਘ ਕਾਲੇਕਾ, ਸ. ਗੁਰਤੇਜ਼ ਸਿੰਘ ਧਾਲੀਵਾਲ ਅਤੇ ਕਿਰਨ ਢਿੱਲੋਂ ਅਤੇ ਗੁਰਪ੍ਰੀਤ ਸਿੰਘ ਜਾਨੀ ਆਦਿਕ ਨੇ ਵਿਚਾਰ ਰੱਖੇ। ਇਸ ਸਕੂਲ ਵਿੱਚ ਸਭ ਟੀਚਰ ਬਿਨ੍ਹਾਂ ਕਿਸੇ ਤਨਖਾਹ ਵਲੰਟੀਅਰਜ਼ ਸੇਵਾਵਾ ਨਿਭਾਉਦੇ ਹਨ। ਜਿੰਨ੍ਹਾਂ ਵਿੱਚ ਪ੍ਰਮੁੱਖ ਸੁਖਵਿੰਦਰ ਕੌਰ ਸ਼ਰ੍ਹਾਂ, ਰਾਜਿੰਦਰ ਕੌਰ ਗਿੱਲ, ਗੁਰਪ੍ਰੀਤ ਕੌਰ ਵਿਰਕ, ਗੁਰਪ੍ਰੀਤ ਕੌਰ ਬਰਾੜ, ਹਰਵਿੰਦਰ ਕੌਰ ਬਰਾੜ, ਰਿਨ ਢਿੱਲੋਂ, ਹਰਜਿੰਦਰ ਕੌਰ ਕਾਹਲੋ ਅਤੇ ਗੁਰਮੋਹਨ ਕੌਰ ਉੱਭੀ ਦੇ ਨਾਂ ਜ਼ਿਕਰਯੋਗ ਹਨ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਕਰਮਨ ਸ਼ਹਿਰ ਅੰਦਰ ਇਹ ਸਕੂਲ ਪਿਛਲੇ ਕਈ ਸਾਲਾ ਤੋਂ ਬੜੀ ਸਫਲਤਾ ਨਾਲ ਚਲਾਇਆ ਜਾ ਰਿਹਾ ਹੈ। ਜਿਸ ਦੀ ਸਫਲਤਾ ਨੂੰ ਦੇਖਦੇ ਹੋਏ ਗੁਰੂਘਰ ਦੀ ਕਮੇਟੀ ਵੱਲੋਂ ਇਸ ਸਾਲ ਦੀ ਸੁਰੂਆਤ ਵਿੱਚ ਇਮਾਰਤ ਬਣਾ ਕੇ ਸਕੂਲ ਨੂੰ ਦਿੱਤੀ ਗਈ ਸੀ। ਇਸ ਲਈ ਹੁਣ ਕਲਾਸਾ ਗੁਰੂਘਰ ਦੀ ਇਮਾਰਤ ਵਿੱਚ ਲਗਦੀਆਂ ਹਨ। ਜਿਸ ਕਰਕੇ ਬੱਚੇ ਪੰਜਾਬੀ ਅਤੇ ਧਾਰਮਿਕ ਸਿੱਖਿਆ ਹਾਸਲ ਕਰਦੇ ਹਨ।

# ਡੇਰਾ ਰਤਨਪੁਰੀ ਜੇਜੋਂ ਦੋਆਬਾ 'ਚ ਵਿਸ਼ਾਲ ਧਾਰਮਿਕ ਸਮਾਗਮ

**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)**– ਜੇਜੋਂ ਦੁਆਬਾ ਵਿਖੇ ਅੱਜ ੧੦੯ ਸੰਤ ਰਤਨ ਦਾਸ ਜੀ ਦੀ ਯਾਦ 'ਚ ਵਿਸ਼ਾਲ ਧਾਰਮਿਕ ਸਮਾਗਮ ਡੇਰੇ ਦੀ ਸੰਚਾਲਕਾ ਸੰਤ ਬੀਬੀ ਮੀਨਾ ਦੇਵੀ ਤੇ ਸੰਤ ਬਾਬਾ ਅਮਨਦੀਪ ਦੀ ਅਗਵਾਈ ਵਿਚ ਕਰਵਾਇਆ ਗਿਆ। ਇਸ ਮੌਕੇ ਆਖੰਡ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਗੁਣਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਤ ਬੀਬੀ ਮੀਨਾ ਦੇਵੀ ਨੇ ਕਿਹਾ ਕਿ ਮਹਾਂਪੁਰਸ਼ਾਂ ਦਾ ਜੀਵਨ ਪਹਾੜੀ ਝਰਨੇ ਦੀ ਤਰ੍ਹਾਂ ਸਾਫ ਹੁੰਦਾ ਹੈ। ਬਾਬਾ ਰਤਨ ਦਾਸ ਜੀ ਨੇ ਆਪਣੀ ਸਾਰੀ ਜ਼ਿੰਦਗੀ ਸੰਗਤਾਂ ਨੂੰ ਇੱਕ ਪ੍ਰਭੂ ਦੇ ਲੜ ਲੱਗਣ, ਨਸ਼ਿਆਂ ਦਾ ਤਿਆਗ ਕਰਨ, ਜਾਤ-ਪਾਤੀ ਵਿਖਰੇਵੇਂ ਮਿਟਾਉਣ, ਗਿਆਨਵਾਨ ਬਣ ਕੇ ਉੱਚ ਸਿੱਖਿਆ ਪ੍ਰਾਪਤ ਕਰਨ ਤੇ ਸੇਵਾ-ਸਿਮਰਨ ਤੇ ਪਰ ਉਪਕਾਰੀ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੱਤਾ । ਇਸ ਮੌਕੇ ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਸੰਤ ਰਮੇਸ਼ ਦਾਸ ਸ਼ੇਰਪੁਰ, ਸੰਤ ਹਰੀ ਓਮ ਮਾਹਿਲਪੁਰ, ਬਾਬਾ ਬਾਲ ਕਿਸ਼ਨ ਭੁੱਲੇਵਾਲ ਗੁੱਜਰਾਂ, ਸੰਤ ਬਲਵੀਰ ਸਿੰਘ ਬਣਾ ਸਾਹਿਬ, ਸੰਤ ਕਸ਼ਮੀਰਾ ਸਿੰਘ ਮੰਨਣਹਾਨਾ, ਸੰਤ ਬਲਵੀਰ ਸਿੰਘ, ਸੰਤ ਭੋਲਾ ਦਾਸ ਜਲੰਧਰ, ਸੰਤ ਸੁਰਿੰਦਰ ਨਾਥ, ਸੰਤ ਸਤਨਾਮ ਦਾਸ ਖੰਨੀ, ਸੰਤ ਬੀਬੀ ਤਾਰੋ ਦੇਵੀ ਸਮੇਤ ਇਲਾਕੇ ਦੇ ਸੰਤ-ਮਹਾਂਪੁਰਸ਼ਾਂ ਦੇ ਜੀਵਨ ਸਬੰਧੀ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਰਨਾ ਤੋਂ ਇਲਾਵਾ ਚੌਧਰੀ ਜਗਜੀਤ ਸਿੰਘ ਸਾਬਕਾ ਕੈਬਨਿਟ ਮੰਤਰੀ, ਰਜਿੰਦਰ ਰਾਣਾ, ਸੰਦੀਪ ਚੰਦੇਲੀ, ਰਮੇਸ਼ ਮੇਘੋਵਾਲ, ਮਾਸਟਰ ਤੇਲੂ ਰਾਮ, ਤਾਰਾ ਚੰਦ ਰਾਏ, ਸੰਦੀਪ ਢਿੱਲੋਂ ਪੰਚ, ਬੀਬੀ ਸੱਤਿਆ ਦੇਵੀ, ਰਾਜ ਰਾਣੀ, ਸ਼ੀਲਾ, ਪਰਮਜੀਤ ਕੌਰ, ਬਲਵਿੰਦਰ ਕੌਰ, ਗੁਰਪ੍ਰੀਤ ਕੌਰ ਮਾਹਿਲਪੁਰ, ਤ੍ਰਿਪਤਾ ਦੇਵੀ, ਸੱਤਿਆ ਦੇਵੀ ਇੰਗਲੈਂਡ, ਰਾਜ ਰਾਣੀ, ਸਮੇਤ ਡੇਰੇ ਦੇ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।













# ਕੂਲ ਪੰਜਾਬੀ ਵਿਰਸਾ ਗਰੁੱਪ ਵਲੋਂ ਵਿਲੱਖਣ ਕਿਸਮ ਦੀ ਦਾਅਵਤ- ਏ- ਦਾਸਤਾਨ







**ਸਟਾਕਟਨ (ਹਰਜਿੰਦਰ ਪੰਧੇਰ)**

ਸਿਰਜਨਾਤਮਕ ਸੋਧ ਦੇ ਧਾਰਣੀ, ਨਵੀਆਂ ਸਮਾਜਕ ਲੀਹਾਂ ਦੇ ਉਸਰਈਏ, 'ਕੂਲ ਪੰਜਾਬੀ ਵਿਰਸਾ ਗਰੁੱਪ ਸਟਾਕਟਨ' ਦੀ ਪ੍ਰਸਿੱਧ ਨਾਟਕਕਾਰ ਤੇ ਸੰਗੀਤਕਾਰ ਜੋੜੀ, ਪਰਮਜੀਤ ਸਿੰਘ ਅਤੇ ਰੇਣੂ ਸਿੰਘ ਨੇ ਆਪਣੀ ਦੋਹਤੀ ਉਨਤੀ ਦਾ ਦੂਸਰਾ ਜਨਮ ਦਿਨ ਵੀ, ਸਭਿਆਚਾਰਕ ਅਤੇ ਭਾਈਚਾਰਕ ਸਾਂਝ ਨੂੰ ਸਮਰਪਤ ਕੀਤਾ। ਇਸ ਵਿਲੱਖਣ ਘੜੀ ਨੂੰ ਉਹਨਾਂ 'ਦਾਵਤ-ਏ-ਦਾਸਤਾਨ' ਦੇ ਖੂਬਸੂਰਤ ਨਾਂ ਨਾਲ ਨਿਵਾਜ਼ਿਆ। ਸਮਾਗਮ ਦਾ ਆਰੰਭ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਰੇਣੂ ਸਿੰਘ, ਪਰਮਜੀਤ ਸਿੰਘ ਅਤੇ ਮਨਜੀਤ ਕੌਰ ਸੰਧੂ ਵਲੋਂ ਸ਼ਮਾਂ ਰੁਸ਼ਨਾਉਂਦਿਆਂ ਕੀਤਾ ਗਿਆ। ਇਸ ਸਮੇਂ ਢਲ ਰਹੀ ਸ਼ਾਮ, ਮਘਦੀਆਂ ਸੋਚਾਂ ਅਤੇ ਖੁਸ਼ੀਆਂ ਲੱਦੇ ਚਿਹਰਿਆਂ ਦਾ ਜਲੌਅ ਪੰਜਾਬ ਦੀ ਲੋਹੜੀ ਵਰਗਾ ਨਜ਼ਾਰਾ ਪੇਸ਼ ਕਰ ਰਹੇ ਸਨ। ਆਏ ਪ੍ਰਾਹੁਣੇ ਨੇ, ਜਿਨ੍ਹਾਂ ਵਿਚ ਲੇਖਕ, ਕਲਾਕਾਰ, ਵਿਦਵਾਨ, ਧਾਰਮਿਕ ਅਤੇ ਵਿਉਪਾਰਕ ਅਦਾਰਿਆਂ ਨਾਲ ਜੁੜੇ ਸੁਹਿਰਦ ਸੱਜਣ ਸ਼ਾਮਲ ਸਨ, ਬੱਚੀ ਨੂੰ ਭਾਗਾਂ ਭਰੀਆਂ ਅਸੀਸਾਂ ਨਾਲ ਲਦਿਆ। ਇਹ ਸਾਰੇ ਲੋਕ ਮਹਿਜ਼ ਕਿਸੇ ਰਸਮ ਪੂਰਤੀ ਲਈ ਹੀ ਨਹੀਂ, ਸਗੋਂ ਇਹ ਉਨਤੀ ਨੂੰ ਵੱਡੇ ਹੋ ਕੇ ਆਪਣੇ ਨਾਨਾ ਨਾਨੀ ਵਰਗੇ ਬਣਨ ਦੀ ਅਸ਼ੀਰਵਾਦ ਦੇਣ ਦੀ ਇੱਛਾ ਲੈ ਕੇ ਆਏ ਸਨ। ਉਨਤੀ ਦੇ ਨਾਨਾ ਨਾਨੀ ਪਰਮਜੀਤ ਸਿੰਘ ਅਤੇ ਰੇਣੂ ਸਿੰਘ ਉਸ ਮਰਹੂਮ ਯੁਗ ਪੁਰਸ਼ ਗੁਰਸ਼ਰਨ ਸਿੰਘ (ਭਾਅ ਜੀ) ਦੇ ਸੱਚੇ ਸੁੱਚੇ ਵਾਰਸ ਹਨ, ਜਿਹਨਾਂ ਨੇ ਆਪਣਾ ਸਾਰਾ, ਜੀਵਨ ਲੋਕ ਰਾਹਾਂ 'ਚ ਪਸਰੇ ਪਏ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਨ ਦੇ ਲੇਖੇ ਲਾ ਦਿਤਾ ਸੀ। ਰੰਗ-ਮੰਚ ਦੇ ਸ਼ਾਹ-ਸਵਾਰ ਗੁਰਸ਼ਰਨ ਸਿੰਘ ਭਾਅ ਜੀ ਦੇ ਇਹ ਬੋਲ: 'ਜਾਗਿਆ ਬੰਦਾ ਕਦੇ ਨਹੀਂ ਮਰਦਾ, ਜਾਗਿਆ ਕਿਰਤੀ ਕਦੇ ਨਹੀਂ ਹਰਦਾ' ਇਸ ਕਰਾਂਤੀਕਾਰੀ ਜੋੜੀ ਨੇ ਇਸ ਸਮਾਗਮ ਦੀ ਫਿਜ਼ਾ ਵਿਚ ਵੀ ਗੂੰਜਣ ਲਾ ਦਿੱਤੇ।

ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪ੍ਰੋ. ਹਰਭਜਨ ਸਿੰਘ ਨੇ, ਜਿਨ੍ਹਾਂ ਨੇ ਦੇਸ ਵਸਦਿਆਂ ਕਰਾਂਤੀਕਾਰੀ ਲਹਿਰ ਵਿਚ ਵੱਡਾ ਯੋਗਦਾਨ ਪਾਇਆ ਅਤੇ ਪਰਿਵਾਰ ਸਮੇਤ ਇਸ ਦਾ ਸੇਕ ਵੀ ਆਪਣੇ ਪਿੰਡੇ ਉੱਤੇ ਹੰਢ-ਾਇਆ ਹੈ, ਪਰਮਜੀਤ ਸਿੰਘ ਅਤੇ ਰੇਣੂ ਸਿੰਘ ਦੀ ਪ੍ਰਸੰਸਾ ਕਰਦਿਆਂ ਕਿਹਾ, "ਤੁਸੀਂ ਕਰਾਂਤੀਕਾਰੀ ਗੀਤ-ਸੰਗੀਤ ਅਤੇ ਨਾਟਕਾਂ ਦੇ ਮਾਧਿਅਮ ਰਾਹੀਂ, ਅਜਿਹੀਆਂ ਤਰੰਗਾਂ ਪੈਦਾ ਕੀਤੀਆਂ ਹਨ, ਜੋ ਸੁੱਤੇ ਪਏ ਮਨੁੱਖ ਨੂੰ ਜਗਾਉਣ ਦੀ ਸਮਰਥਾ ਵੀ ਰਖਦੀਆਂ ਹਨ, ਜਾਗਦੇ ਮਨੁੱਖ ਨੂੰ ਆਪਣੇ ਸੁਪਨੇ ਵੀ ਜਾਗਦੇ ਰੱਖਣ ਦਾ ਪੈਗਾਮ ਦਿੰਦੀਆਂ ਹਨ।" ਉਨ੍ਹਾਂ ਨੇ ਆਪਣੀ ਚਿੰਤਨ ਅਤੇ ਚੇਤਨਾ ਮੁਖੀ ਕਵਿਤਾ 'ਸ਼ਬਦ, ਸੁਪਨਾ ਤੇ ਸੰਗਰਾਮ' ਵੀ ਸਰੋਤਿਆਂ ਨਾਲ ਸਾਂਝੀ ਕੀਤੀ।

ਫਿਰ ਡਾ. ਰਬਿੰਦਰ ਕੌਰ ਢਿਲੋਂ ਨੇ ਆਪਣੇ ਸੁਰਮਈ ਬੋਲਾਂ ਵਿਚ 'ਸਾਵਾ ਸਾਵਾ ਅੰਬੀਆਂ ਨੂੰ ਬੂਰ, ਜ਼ਾਲਮਾਂ ਸਾਵਾ ਸਾਵਾ । ਕੋਈ ਆ ਕੇ ਗਿਆ ਵੇ ਕੋਈ ਜਾ ਕੇ ਆਇਆ ਵੇ, ਤੂੰ ਦੂਰਾਂ ਦਾ ਦੂਰ, ਜ਼ਾਲਮਾਂ ਸਾਵਾ ਸਾਵਾ..।' ਗਾਉਦਿਆਂ ਮਹਿਫਲ ਨੂੰ ਰੁਮਾਂਟਿਕ ਰੰਗਣ ਵਿਚ ਰੰਗ ਦਿਤਾ।

ਹਰਜਿੰਦਰ ਪੰਧੇਰ ਦੁਆਰਾ ਆਪਣੀ ਗ਼ਜ਼ਲ ਤੇ ਬੀਨਾ ਸਾਗਰ ਨੇ ਕ੍ਰਾਤੀਕਾਰੀ ਕਵੀ ਸੰਤ ਰਾਮ ਉਦਾਸੀ ਦਾ ਗੀਤ ਪੇਸ਼ ਕੀਤਾ। ਇਨ੍ਹਾਂ ਤੋਂ ਇਲਾਵਾ: ਤਾਰਾ ਸਿੰਘ ਸਾਗਰ, ਸੋਨੂ ਵਾਲੀਆ, ਨਰਿੰਦਰਪਾਲ ਸਿੰਘ ਨੂਰ, ਡਾ. ਸੁਰਿੰਦਰ ਸਿੰਘ ਅਰੋੜਾ, ਫਾਇਜ਼ਾ ਅਖ਼ਤਰ, ਮਨਜੀਤ ਕੌਰ ਸੰਧੂ ਆਦਿ ਨੇ ਵੀ ਇਸ ਸੁਲਖਣੀ ਘੜੀ ਦੇ ਮੌਕੇ 'ਤੇ ਨਿੱਕੀ ਬੱਚੀ ਦੀ ਝੋਲੀ ਅਸੀਸਾਂ ਨਾਲ ਭਰ ਦਿੱਤੀ। ਸਟਾਕਟਨ ਗੁਰੂ ਘਰ ਦੇ ਤਬਲਾ ਵਾਦਕ ਮਲਕੀਅਤ ਸਿੰਘ ਨੇ ਮੌਕੇ ਮੌਕੇ ਤੇ ਗੀਤਕਾਰਾਂ ਦਾ ਸਾਥ ਦਿਤਾ।

ਦਾਅਵਤ-ਏ-ਦਾਸਤਾਨ ਦੇ ਇਸ ਯਾਦਗਾਰੀ ਪ੍ਰੋਗਰਾਮ ਵਿਚ ਜੋ 'ਏਕਤਾ 'ਚ ਅਨੇਕਤਾ' ਦਾ ਪੈਗਾਮ ਦੇ ਰਹੀ ਸੀ ਸ਼ਾਮਲ ਹੋਣ ਲਈ 'ਕਿੰਗ ਆਫ ਸਟਾਕਟਨ' ਦੇ ਨਾਮ ਨਾਲ ਜਾਣੇ ਜਾਂਦੇ (ਐਸ ਐਂਡ ਐਸ, ਆਟੋ ਮਾਲ) ਦੇ ਮਾਲਕ ਸੁਰਿੰਦਰ ਪਾਲ ਸਿੰਘ, 'ਕਵਰ ਕੈਲੀਫੋਰਨੀਆ' ਇੰਸ਼ੋਰੈਂਸ ਕੰਪਨੀ ਦੇ ਏਜੰਟ ਹਰਦੀਪ ਸਿੰਘ, ਸਿੰਮੀ ਅਰੋੜਾ, ਮਿਸ਼ਿਜ ਅਰਜਿੰਦ ਸਿੰਘ ਅਰੋੜਾ, ਉਨਤੀ ਦੇ ਮਾਂ-ਬਾਪ ਨੈਂਸੀ ਸੰਘਾ ਅਤੇ ਸੁਖਦੇਵ ਸਿੰਘ ਸੰਘਾ, ਸ੍ਰੀਮਤੀ ਭੁਪਿੰਦਰ ਅਰੋੜਾ, ਰੀਟਾ ਨੂਰ ਅਤੇ ਸ਼ੋਭਿਤ ਨੂਰ ਅਤੇ ਕਈ ਹੋਰ ਸੱਜਣ ਮਿੱਤਰ ਸਰੋਤਿਆਂ ਵਜੋਂ ਪਹੁੰਚੇ ਹੋਏ ਸਨ।

**(ਲੇਖਕ ਦਾ ਫੋਨ 209-610-5055)**

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਮਨਾਇਆ ਡਾ.ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ

**ਪਿਟਸਬਰਗ (ਡੀ. ਡੀ. ਬੀ.) –** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸਮੂਹ ਸੰਗਤ ਨੇ ਰਲ ਮਿਲ ਕੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ ਸ਼ਰਧਾ ਪੂਰਵਕ 7 ਜੂਨ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਇਆ। ਇਸ ਸਬੰਧਤ 5 ਜੂਨ ਦਿਨ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਰੱਖੇ ਗਏ ਤੇ ਐਤਵਾਰ 7 ਜੂਨ ਨੂੰ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਸਜਾਏ ਗਏ, ਜਿਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਕਾਸ਼ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਦੀ ਆਰੰਭਤਾ ਕੀਤੀ, ਇਸ ਦੇ ਨਾਲ ਹੀ ਭਾਈ ਓਮਪਾਲ ਸਿੰਘ ਜੀ ਤੇ ਭਾਈ ਗੁਰਨਾਮ ਸਿੰਘ ਜੀ ਦੇ ਜਥੇ ਨੇ ਵੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਕ੍ਰਮਵਾਰ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦੇ ਜਥੇ ਅਤੇ ਬੀਬੀ ਕਮਲਜੀਤ ਕੌਰ ਜੀ ਨੇ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਉਪਰੰਤ ਜਿਹਨਾਂ ਜਿਹਨਾਂ ਬੁਲਾਰਿਆਂ ਨੇ ਡਾ. ਅੰਬੇਦਕਰ ਜੀ ਦੇ ਜਨਮ ਦਿਨ ਤੇ ਵਧਾਈ ਦਿੰਦਿਆਂ ਆਪੋ ਆਪਣੇ ਵਿਚਾਰ ਰੱਖੇ,ਉਹਨਾਂ ਵਿਚ ਸਰਵਸ੍ਰੀ ਓ. ਪੀ. ਬਾਲੀ, ਦਸ਼ਵਿੰਦਰ ਪਾਲ, ਪ੍ਰੇਮ ਕੁਮਾਰ ਚੁੰਬਰ, ਮੋਹਣ ਰਾਮ ਪਾਲਾ, ਵੀ. ਆਰ. ਬਾਲੂ ਤੋਂ ਇਲਾਵਾ ਮਾਣਯੋਗ ਬੀਬੀਆਂ ਜ਼ੀਨਾ ਭਾਟੀਆ ਅਤੇ ਕਸ਼ਮੀਰ ਕੌਰ ਆਦਿ ਦੇ ਨਾਂ ਵਰਣਨਯੋਗ ਹਨ।

ਸ੍ਰੀਮਾਨ ਓ. ਪੀ. ਬਾਲੀ ਜੀ ਨੇ ਕਿਹਾ ਕਿ ਜੋ ਕੋਈ ਸਾਡੇ ਲਈ 4-5 ਹਜ਼ਾਰ ਸਾਲ ਤੱਕ ਨਹੀਂ ਕਰ ਸਕਿਆ, ਉਹ ਡਾ. ਅੰਬੇਦਕਰ ਜੀ ਨੇ 40 ਸਾਲ ਵਿਚ ਕਰ ਦਿਖਾਇਆ। ਇਸ ਲਈ ਅੱਜ ਉਹਨਾਂ ਦਾ ਜਨਮ ਦਿਨ ਮਨਾਉਣਾ ਸਾਡੇ ਲਈ ਇਕ ਇਤਿਹਾਸਕ ਦਿਹਾੜਾ ਹੈ। ਉਹਨਾਂ ਆਪਣੇ ਆਪ ਨੂੰ ਬੜਾ ਖੁਸ਼ਕਿਸਮਤ ਦੱਸਦਿਆਂ ਕਿਹਾ ਕਿ ਮੈਂ ਸਵਰਗਵਾਸੀ ਮਾਣਯੋਗ ਸ੍ਰੀਮਾਨ ਨਾਨਕ ਚੰਦ ਰੱਤੂ ਜੀ ਦਾ ਬੜਾ ਧੰਨਵਾਦੀ ਹਾਂ, ਜਿਹਨਾਂ ਨੇ ਮੇਰੀ ਮੁਲਾਕਾਤ ਜਾਂ ਡਾ. ਅੰਬੇਦਕਰ ਨੂੰ ਮਿਲਣ ਦੇ ਮੌਕੇ ਦਿਵਾਏ।

ਆਈ. ਬੀ. ਓ. ਦੇ ਸਰਪ੍ਰਸਤ ਸ੍ਰੀ ਦਸ਼ਵਿੰਦਰ ਪਾਲ ਜੀ ਨੇ ਡਾ. ਅੰਬੇਦਕਰ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਦੁਨੀਆਂ ਦੀਆਂ ਸਿਰਮੌਰ ਸ਼ਖਸੀਅਤਾਂ ਵਿਚੋਂ ਇਕ ਸਨ, ਜਿਹਨਾਂ ਨੇ ਆਪਣੀ ਉਚ ਵਿੱਦਿਆ ਤੇ ਉਚੀ ਸੁੱਚੀ ਲਿਆਕਤ ਨਾਲ ਦੱਬੇ ਕੁਚਲੇ ਭਾਰਤੀ ਸਮਾਜ ਦਾ ਭਲਾ ਕੀਤਾ। ਸਾਨੂੰ ਉਹਨਾਂ ਨੂੰ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ ਅਤੇ ਸਦਾ ਚਰਚਾ ਵਿਚ ਰੱਖਣਾ ਚਾਹੀਦਾ ਹੈ।

ਹਫਤਾਵਰੀ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਨੂੰ ਬਾਬਾ ਸਾਹਿਬ ਜੀ ਦੇ 124ਵੇਂ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ. ਅੰਬੇਦਕਰ ਦੇ ਜੀਵਨ ਤੇ ਮਿਸ਼ਨ ਦਾ ਦੇਸ਼ ਵਿਦੇਸ਼ 'ਚ ਬੜਾ ਪ੍ਰਭਾਵਸ਼ਾਲੀ ਪ੍ਰਚਾਰ ਚੱਲ ਰਿਹਾ ਹੈ ਅਤੇ ਨੌਜਵਾਨ ਪੀੜ੍ਹੀ ਆਪਣੇ ਫੋਨਾਂ 'ਚ ਡਾ. ਅੰਬੇਦਕਰ ਦੇ ਗੀਤਾਂ ਦੀ ਰਿੰਗਟੋਨ ਭਰਾਈ ਰੱਖਦੇ ਹਨ। ਹੋਰ ਤਾਂ ਹੋਰ ਸਾਹਿਬ ਕਾਂਸ਼ੀ ਰਾਮ ਜੀ ਅਤੇ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਨਾਮ ਦੀਆਂ ਫੋਨਾਂ 'ਚ ਰਿੰਗ ਟੋਨਾਂ ਵੱਜ ਰਹਿਆਂ ਹਨ, ਜਿਸ ਨੂੰ ਦੇਖ ਕੇ ਮਨੂੰਵਾਦੀ ਲੋਕ ਬੁਖਲਾ ਗਏ ਹਨ, ਇਸ ਦੀ ਇਕ ਮਿਸਾਲ ਮਹਾਰਾਸ਼ਟਰ 'ਚ ਡਾ. ਅੰਬੇਦਕਰ ਦੀ ਰਿੰਗਟੋਨ ਕਰਕੇ ਨੌਜਵਾਨ ਨੂੰ ਮਾਰ ਹੀ ਦਿੱਤਾ ਗਿਆ। ਉਹਨਾਂ ਕਿਹਾ ਕਿ ਕਦੇ ਇਤਿਹਾਸ 'ਚ ਨਹੀਂ ਸੁਣਿਆ ਕਿ ਡਾ. ਅੰਬੇਦਕਰ ਜਾਂ ਪੇਰੀਅਰ ਰਾਮਾਸਵਾਮੀ ਵਰਗੇ ਮਹਾਨ ਵਿਅਕਤੀਆਂ ਦੇ ਨਾਂ ਤੇ ਬਣੀਆਂ ਸੰਸਥਾਵਾਂ ਉਤੇ ਸਰਕਾਰ ਪਾਬੰਦੀ ਲਗਾ ਰਹੀ ਹੋਵੇ ਪਰ ਮੌਜੂਦਾ ਮੋਦੀ ਸਰਕਾਰ ਦੇ ਵਕਤ ਦਲਿਤ ਸਮਾਜ ਤੇ ਅੱਤਿਆਚਾਰ ਦਿਨ ਭਰ ਦਿਨ ਵਧਦੇ ਜਾ ਰਹੇ ਹਨ। ਉਹਨਾਂ ਮਦਰਾਸ ਦੀ ਇਕ ਆਈ ਆਈ ਟੀ 'ਚ ਜੋ ਵਾਪਰਿਆ, ਉਸ ਨੂੰ ਜਿੱਥੇ ਮੰਦਭਾਗਾ ਕਿਹਾ, ਉਥੇ ਇਹ ਵੀ ਕਿਹਾ ਕਿ ਅਜਿਹੇ ਜੁਲਮਾਂ ਨਾਲ ਅਸੀਂ ਇਕੱਠੇ ਹੋਵਾਂਗੇ ਅਤੇ ਹੋਰ ਮਜ਼ਬੂਤ ਹੋਕੇ ਸੰਵਿਧਾਨਕ ਤਰੀਕੇ ਨਾਲ ਸੰਘਰਸ਼ ਕਰਾਂਗੇ। ਉਹਨਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਡਾ. ਅੰਬੇਦਕਰ, ਸਾਹਿਬ ਕਾਂਸ਼ੀ ਰਾਮ ਜੀ ਤੇ ਬਾਬਾ ਮੁਗੋਵਾਲੀਆ ਜੀ ਵਰਗੇ ਮਹਾਨ ਸਮਾਗਮਾਂ ਤੇ ਪਹੁੰਚਣਾ ਜ਼ਰੂਰ ਚਾਹੀਦਾ ਹੈ। ਅੱਜ ਜੋ ਹਾਜ਼ਰੀ ਹੈ, ਇਸ ਵਿਚ ਹੋਰ ਵਾਧਾ ਹੋਣਾ ਚਾਹੀਦਾ ਸੀ। ਸ੍ਰੀ ਚੁੰਬਰ ਨੇ ਡਾ. ਅੰਬੇਦਕਰ ਦੀ ਗੱਲ ਨੂੰ ਦੁਹਰਾਉਂਦਿਆਂ ਕਿਹਾ ਕਿ ਸਾਡੇ ਲਈ ਰਾਜਨੀਤਿਕ ਸੱਤਾ ਬਹੁਤ ਜ਼ਰੂਰੀ ਹੈ, ਇਸ ਵਿਚ ਆਉਣ ਲਈ ਮੀਡੀਆ ਬਹੁਤ ਜ਼ਰੂਰੀ ਹੈ। ਸੋ ਮੀਡੀਏ ਦੀ ਜ਼ਰੂਰਤ ਅਤੇ ਤਾਕਤ ਨੂੰ ਸਮਝਣ ਦਾ ਯਤਨ ਕਰੋ।

ਅਗਾਂਹਵਧੂ ਖਿਆਲਾਂ ਵਾਲੀ ਭੈਣ ਜ਼ੀਨਾ ਭਾਟੀਆ ਜੀ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਉਤੇ ਝਾਤ ਪਾਉਂਦੀ ਆਪਣੀ ਰਚਨਾ ਸਾਂਝੀ ਕਰਦਿਆਂ ਕਿਹਾ ਕਿ ਸਾਡੀਆਂ ਭੈਣਾਂ ਨੂੰ ਮਰਦ ਬਰਾਬਰ ਉਠਣਾ ਹੋਵੇਗਾ ਤੇ ਮਰਦਾਂ ਨੂੰ ਵੀ ਚਾਹੀਦਾ ਹੈ ਕਿ ਸਮਾਜ ਦੀ ਗੱਲਬਾਤ/ ਸੰਘਰਸ਼ ਵਿਚ ਸਾਨੂੰ ਨਾਲ ਲੈ ਕੇ ਚੱਲਣ ਕਿਉਂਕਿ ਅਸੀਂ ਵੀ ਚਾਹੁੰਦੀਆਂ ਹਾਂ ਕਿ ਆਪਣੇ ਸਮਾਜ ਦੀ ਬਿਹਤਰੀ ਵਿਚ ਕੋਈ ਵਿਸ਼ੇਸ਼ ਯੋਗਦਾਨ ਪਾ ਸਕੀਏ, ਉਹਨਾਂ ਭੈਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਲਾਜ਼ਮੀ ਪੜ੍ਹਾਉਣ ਪਰ ਕਿਸੇ ਵੀ ਹਾਲਤ ਵਿਚ ਆਪਣੀ ਕਿਸੇ ਵੀ ਧੀ ਨੂੰ ਪੜ੍ਹਾਈ ਤੋਂ ਸੱਖਣੀ ਨਾ ਰਹਿਣ ਦੇਣ। ਇਸਦੇ ਨਾਲ ਹੀ ਇਸ ਉਪਰੰਤ ਭੈਣ ਕਸ਼ਮੀਰ ਕੌਰ ਜੀ ਨੇ ਬਾਬਾ ਸਾਹਿਬ ਸਬੰਧਤ ਗੀਤ ਗਾ ਕੇ ਆਪਣੀ ਹਾਜ਼ਰੀ ਲਗਵਾਈ।

ਭਾਰਤ ਤੋਂ ਆਏ ਸ੍ਰੀ ਵੀ. ਆਰ. ਬਾਲੂ ਜੀ ਨੇ ਡਾ. ਅੰਬੇਦਕਰ ਜੀ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਕਿਹਾ ਕਿ ਕੋਈ ਵੀ ਕੌਮ ਜਾਂ ਦੇਸ਼ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਅਵਸਥਾ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦਾ। ਉਹਨਾਂ ਸਤਿਗੁਰੂ ਰਵਿਦਾਸ ਜੀ ਅਤੇ ਡਾ. ਅੰਬੇਦਕਰ ਜੀ ਦੇ ਵਿਚਾਰਾਂ ਨੂੰ ਅੱਗੇ ਲਿਜਾਣ ਲਈ ਉਪਰੋਕਤ ਸ਼ਬਦਾਂ ਵੱਲ ਧਿਆਨ ਦੇਣ ਲਈ ਕਿਹਾ।

ਡਾ. ਅੰਬੇਦਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਦੀ ਚਰਚਾ ਕਰਦਿਆਂ ਆਪਣੇ ਗੂੜ੍ਹ ਗਿਆਨ ਦੇ ਮਾਧਿਅਮ ਦੀ ਲਹਿ ਬਹਿ 'ਚ ਸ੍ਰੀਮਾਨ ਮੋਹਣ ਰਾਮ ਪਾਲ ਜੀ ਨੇ ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਨੂੰ ਡਾ. ਅੰਬੇਦਕਰ ਜੀ ਦੇ 124ਵੇਂ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ. ਅੰਬੇਦਕਰ ਤੋਂ ਵੱਧ ਕੇ ਕੋਈ ਹੋਰ ਇਨਸਾਨ ਨਹੀਂ ਹੋ ਸਕਦਾ ਜੋ ਆਪਣੇ ਸਮੇਂ 'ਚ ਮਾੜੇ ਹਾਲਾਤਾਂ ਵਿਚ ਇੰਨੀ ਉਚੀ ਵਿੱਦਿਆ ਹਾਸਲ ਕਰਕੇ ਨਾ ਕੇਵਲ ਆਪਣੇ ਪਰਿਵਾਰ ਦਾ ਬਲਕਿ ਭਾਰਤੀ ਸਮਾਜ ਤੇ ਦੇਸ਼ ਦਾ ਭਲਾ ਚਾਹਿਆ, ਖਾਸ ਕਰਕੇ ਦੱਬੇ-ਕੁਚਲੇ ਸਮਾਜ ਦੇ ਉਥਾਨ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ।

ਉਹਨਾਂ ਕਿਹਾ ਕਿ ਡਾ. ਅੰਬੇਦਕਰ ਜੀ ਬੜੀ ਜੱਦੋ ਜਹਿਦ ਸਦਕਾ ਬ੍ਰਿਟਿਸ਼ ਰਾਜ ਦੌਰਾਨ ਸਾਨੂੰ ਦੋਹਰੀ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਤੇ ਕੁਝ ਹਲਕੇ ਸਾਡੇ ਲਈ ਰਿਜ਼ਰਵ ਸਨ। ਪ੍ਰੰਤੂ ਮੋਹਨਦਾਸ ਕਰਮਚੰਦ ਗਾਂਧੀ ਦੀ ਜਿੱਦ ਨਾਲ ਜੋ 1931 ਵਿਚ ਪੂਨਾ ਪੈਕਟ ਹੋਇਆ, ਉਸ ਨਾਲ ਸਾਡਾ ਬਹੁਤ ਮਾੜਾ ਹੋਇਆ। ਜੇਕਰ ਅਜਿਹਾ ਨਾ ਹੁੰਦਾ ਤਾਂ ਡਾ. ਅੰਬੇਦਕਰ ਨੇ 1947 ਤੱਕ ਭਾਰਤ ਦਾ ਪ੍ਰਧਾਨ ਮੰਤਰੀ ਬਣ ਜਾਣਾ ਸੀ। ਉਹਨਾਂ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਕਿਹਾ ਕਿ ਪੂਨਾ ਪੈਕਟ ਦੇ ਮਸਲੇ 'ਚ ਹਿੰਦੂ ਮਹਾਂ ਸਭਾ, ਗਾਂਧੀ ਦੀ ਨੀਤੀ ਸਾਡੇ ਲਈ ਬੜੀ ਹੀ ਘਾਤਕ ਸਿੱਧ ਹੋਈ ਅਤੇ ਡਾ ਅੰਬੇਦਕਰ ਦੇ ਸਿੱਖ ਬਣਨ 'ਚ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਨੇ ਰੁਕਾਵਟ ਪੈਦਾ ਕੀਤੀ।

ਅਜਿਹੇ ਹਾਲਾਤਾਂ ਅਤੇ ਵਧੀਕੀਆਂ ਨੂੰ ਦੇਖਦਿਆਂ 'ਆਦਿ ਧਰਮ ਮੂਵਮੈਂਟ ਪੰਜਾਬ' ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਸ੍ਰੀ ਐਮ. ਆਰ. ਪਾਲ ਨੇ ਕਿਹਾ ਕਿ ਡਾ. ਅੰਬੇਦਕਰ ਜੀ ਨੇ ਪੰਜਾਬ 'ਚ ਆਦਿ ਧਰਮ ਮੰਡਲ ਪੰਜਾਬ ਵੱਲੋਂ ਚਲਾਈ ਮੂਵਮੈਂਟ ਤੇ ਦੇਸ਼ ਦੀਆਂ ਹੋਰ ਭਾਰਤੀ ਮੂਲ ਸਮਾਜ ਨਾਲ ਜੁੜੀਆਂ ਲਹਿਰਾਂ ਨਾਲ ਤਾਲਮੇਲ ਕਰਕੇ ਇੰਡੀਆ ਲੈਵਲ ਤੇ ਸ਼ਡਿਊਲ ਕਾਸਟ ਫੈਡਰੇਸ਼ਨ ਆਦਿ ਇੰਡੀਆ ਨਾਂ ਦੀ ਸੰਸਥਾ ਬਣਾ ਕੇ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰ ਦਿੱਤਾ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮੂਵਮੈਂਟ ਤੇ ਉਹਨਾਂ ਨਾਲ ਰਹਿ ਕੇ ਕੀਤੇ ਸੰਘਰਸ਼ ਦਾ ਵਰਣਨ ਕਰਦਿਆਂ ਉਹਨਾਂ ਕਿਹਾ ਕਿ ਕਾਂਸ਼ੀ ਰਾਮ ਜੀ ਦੀ ਸਾਡੇ ਭਾਰਤੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ, ਜਿਸਨੂੰ ਡਾ. ਅੰਬੇਦਕਰ ਮਿਸ਼ਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸ੍ਰੀ ਪਾਲ ਨੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਚਲਾਏ ਜਾ ਰਹੇ ਮੀਡੀਆ (ਅੰਬੇਦਕਰ ਟਾਈਮਜ਼ ਇੰਗਲਿਸ਼ ਅਤੇ ਦੇਸ਼ ਦੁਆਬਾ ਪੰਜਾਬੀ) ਨੂੰ ਸਲਾਉਂਦਿਆਂ ਕਿਹਾ ਕਿ ਸਾਨੂੰ ਮੀਡੀਏ ਦੀ ਸਖਤ ਜ਼ਰੂਰਤ ਹੈ। ਉਹਨਾਂ ਇਹ ਵੀ ਕਿਹਾ ਕਿ ਜੇਕਰ ਮਾਇਆਵਤੀ ਚਾਹੁੰਦੀ ਤਾਂ ਆਪਣਾ ਮੀਡੀਆ ਚਲਾਉਣਾ ਉਹਦੇ ਲਈ ਕੋਈ ਮੁਸ਼ਕਿਲ ਨਹੀਂ ਸੀ ਤੇ ਨਾ ਹੈ। ਪਰ ਮਾਇਆਵਤੀ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਜੋ ਦੇਣਾ ਬਣਦਾ ਜ਼ਰੂਰੀ ਸੀ ਤੇ ਹੈ।



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਅਖੀਰ ਸ੍ਰੀ ਮੋਹਣ ਰਾਮ ਪਾਲ ਜੀ ਨੇ ਆਪਣੇ ਵੀਹ ਮਿੰਟਾਂ ਦੇ ਸਮੇਂ ਵਿਚ ਵਿਚਾਰਾਂ ਦੀ ਸਾਂਝ ਪਾ ਕੇ ਸਭ ਦਾ, ਉਹਨਾਂ ਨੂੰ ਸੁਣਨ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਜੇਕਰ ਤੁਸੀਂ ਉਪਰ ਉਠਣਾ ਚਾਹੁੰਦੇ ਹੋ, ਆਪਣਾ ਰਾਜ ਚਾਹੁੰਦੇ ਹੋ ਤਾਂ ਡਾ. ਅੰਬੇਦਕਰ ਦੁਆਰਾ ਦਿਵਾਏ ਹੱਕਾਂ ਨੂੰ ਪਾ ਕੇ ਜੋ ਲੋਕ ਅੱਜ 1070 ਐਮ. ਐਲ. ਏ. ਬਣ ਕੇ ਵਿਧਾਨ ਸਭਾਵਾਂ 'ਚ ਬੈਠੇ ਹਨ ਜਾਂ 130 ਮੈਂਬਰ ਲੋਕ ਸਭਾ/ ਰਾਜ ਸਭਾ ਵਿਚ ਬੈਠੇ ਹਨ, ਉਹਨਾਂ ਨੂੰ ਪੁੱਛੋ ਤੁਸੀਂ ਸਾਡੇ ਲਈ ਕੀ ਕਰ ਰਹੇ ਹੋ?

ਜਿਸ ਰਹਿਬਰ (ਡਾ. ਅੰਬੇਦਕਰ ਜੀ ਨੇ ਤੁਹਾਨੂੰ ਇਹ ਹੱਕ ਦਿਵਾਏ ਹਨ, ਤੁਸੀਂ ਕੀ ਉਸ ਦੀ ਸਿੱਖਿਆ ਤੇ ਚਲਦੇ ਹੋ? ਜੇਕਰ ਉਹ ਨਾ ਹੁੰਦਾ ਤਾਂ ਤੁਸੀਂ ਵਿਧਾਨ ਸਭਾਵਾਂ, ਲੋਕ ਸਭਾ ਜਾਂ ਰਾਜ ਸਭਾ ਵਿਚ ਪਹੁੰਚ ਸਕਦੇ? ਆਓ ਆਪਾਂ ਸਾਰੇ ਇਕੱਠੇ ਹੋ ਕੇ ਡਾ. ਅੰਬੇਦਕਰ ਸਾਹਿਬ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਯਤਨ ਕਰੀਏ।

ਇਸ ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਸਾਰੇ ਮਾਣਯੋਗ ਪਰਿਵਾਰਾਂ ਦਾ ਸਿਰੋਪਾਓ ਤੇ ਪਲੈਕਸ ਨਾਲ ਸਨਮਾਨ ਕੀਤਾ ਅਤੇ ਉਹਨਾਂ ਨੂੰ ਉਹ ਰਕਮ, ਚੈਕਾਂ ਰਾਹੀਂ ਵਾਪਸ ਕੀਤੀ ਗਈ, ਜਿਹਨਾਂ-ਜਿਹਨਾਂ ਪਰਿਵਾਰਾਂ ਨੇ ਗੁਰੂ ਘਰ ਦੀ ਬਿਲਡਿੰਗ/ਡਿਵੈਲਪਮੈਂਟ ਲਈ ਮਾਇਆ ਦਾ ਯੋਗਦਾਨ ਪਾਇਆ ਸੀ। ਕਮੇਟੀ ਨੇ ਅਜੇ ਉਹਨਾਂ ਪਰਿਵਰਾਂ ਨੂੰ ਚੈਕ ਦਿੱਤੇ ਤੇ ਮਾਣ ਸਨਮਾਨ ਕੀਤਾ ਜੋ ਅੱਜ ਦੇ ਦਿਨ ਹਾਜ਼ਰ ਸਨ।

ਅਖੀਰ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਕਾਸ਼ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਅੱਜ ਦੇ ਸਮਾਗਮ ਦੀ ਸਟੇਜ ਸੇਵਾ ਜਨਰਲ ਸਕੱਤਰ ਸ੍ਰੀ ਦਿਲਬਾਗ ਸਿੰਘ ਜੀ ਅਤੇ ਉਪ ਸਕੱਤਰ ਸ੍ਰੀ ਅਭਿਸ਼ੇਕ ਨਾਰੇਕੇ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਤੇ ਕਿਸੇ ਨੂੰ ਵੀ ਨਿਰਾਸ਼ ਜਾਂ ਨਰਾਜ਼ ਹੋ ਕੇ ਜਾਣ ਦਾ ਕੋਈ ਮੌਕਾ ਨਹੀਂ ਦਿੱਤਾ। ਸ੍ਰੀ ਨਰਿੰਦਰ ਚਾਹਲ ਜੀ ਤੇ ਉਹਨਾਂ ਦੀ ਸੁਪਤਨੀ ਨੇ ਕੈਸ਼ੀਅਰ ਪੱਖੋਂ ਸੇਵਾ ਨਿਭਾਈ ਤੇ ਸ੍ਰੀ ਹਰਬੰਸ ਕੱਲੂ ਜੀ ਨੇ ਕੜਾਹ ਪ੍ਰਸ਼ਾਦ ਵਰਤਾਉਣ ਦੀ ਸੇਵਾ ਨਿਭਾਈ।

ਗੁਰੂ ਘਰ ਦੀ ਕਮੇਟੀ ਦੇ ਚੇਅਰਮੈਨ ਫਕੀਰਾ ਮਹਿਮੀ ਨਿਊਯਾਰਕ ਗਏ ਹੋਣ ਕਰਕੇ ਨਾ ਹਾਜ਼ਰ ਹੋ ਸਕੇ ਤੇ ਪ੍ਰਧਾਨ ਸ੍ਰੀ ਰਮੇਸ਼ ਸੁਮਨ ਜੀ ਇੰਡੀਆ ਗਏ ਹੋਣ ਕਰਕੇ ਨਹੀਂ ਹਾਜ਼ਰ ਹੋ ਸਕੇ। ਕੁੱਲ ਮਿਲਾ ਕੇ ਸਾਰਾ ਪ੍ਰੋਗਰਾਮ ਬਹੁਤ ਹੀ ਵਧੀਆ ਰਿਹਾ ਤੇ ਉਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਸਕੱਤਰ ਨੇ ਸਭਾ ਵੱਲੋਂ ਸਾਧ ਸੰਗਤ ਤੇ ਰਾਗੀ ਜਥੇ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ 28 ਜੂਨ ਨੂੰ ਗੁਰੂ ਘਰ ਦੀ ਸਥਾਪਨਾ ਦਿਵਸ ਤੇ ਫਿਰ ਇਕੱਠੇ ਹੋਣ ਲਈ ਬੇਨਤੀ ਕੀਤੀ।

## ਭਾਰਤ ਵਿੱਚ ਲੋਕੀ ਜ਼ਹਿਰ ਪੀ ਰਹੇ ਹਨ



ਭਾਰਤ ਵਿੱਚ ਅੱਜਕੱਲ ਨੈਸਲੇ ਦੇ ਮੈਗੀ ਪ੍ਰਡੱਕਟ ਦਾ ਕਾਫੀ ਰੌਲਾ ਰੱਪਾ ਪਿਆ ਹੋਇਆ ਹੈ ਕਿ ਇਸ ਵਿੱਚ ਲੋੜ ਤੋਂ ਵੱਧ ਕੈਮੀਕਲ ਵਰਤੇ ਗਏ ਹਨ। ਕੀ ਇਕੱਲੀ ਮੈਗੀ ਹੀ ਹੈ ਜਿਸ ਵਿੱਚ ਕੈਮੀਕਲਾਂ ਦੀ ਅਧਿਕ ਵਰਤੋਂ ਪਾਈ ਗਈ ਹੈ..? ਕੀ ਤੁਹਾਨੂੰ ਪਤਾ ਕਿ ਭਾਰਤ ਦੀ ਪਾਰਲੀਮੈਂਟ ਵਿੱਚ ਕੋਕ ਤੇ ਪਾਬੰਦੀ ਹੈ..? ਕਿਉਕੇ ਇਸ ਵਿੱਚ ਖਤਰਨਾਕ ਰਸਾਇਣ ਪਾਏ ਗਏ ਹਨ..! ਪਰ ਸਾਰੇ ਭਾਰਤ ਵਿੱਚ ਲੋਕਾ ਨੂੰ ਕੋਲ ਪਿਲਾਇਆ ਜਾ ਰਿਹਾ ਹੈ। ਕੀ ਸਿਰਫ ਪਾਰਲੀਮੈਂਟ ਮੈਂਬਰ ਹੀ ਬੰਦੇ ਹਨ...? ਬਾਕੀ ਸਭ ਕੀੜੇ ਮਕੌੜੇ..? ਦੋਸਤੋ ਭਾਰਤ ਵਿੱਚ ਹਰ ਚੀਜ਼ ਵਿੱਚ ਕੈਮੀਕਲ ਹੈ..!

ਤਰਬੂਜ ਨੂੰ ਅੰਦਰੋਂ ਲਾਲ ਕਰਨ ਲਈ ਰੰਗ ਦੇ ਟੀਕੇ ਲਾਏ ਜਾਦੇ ਹਨ, ਮਟਰ ਅਤੇ ਸ਼ੋਲੂਏ ਨੂੰ ਹਰਾ ਰੰਗ ਚੜਾਉਣ ਲਈ ਚੁੰਨੀਆਂ ਵਾਂਗੂ ਰੰਗਿਆ ਜਾਦਾ ਹੈ। ਬੈਗਣ, ਅੱਲ੍ਹਾਂ, ਕੱਦੂਆਂ ਦੀਆਂ ਬੇਲਾਂ ਵਿੱਚ ਇਹਨਾਂ ਨੂੰ ਜਲਦੀ ਵੱਡੇ ਕਰਨ ਲਈ ਟੀਕੇ ਲਾਏ ਜਾਂਦੇ ਹਨ..! ਦੁਧ ਸ਼ੈਪੂ ਆਦਿ ਪਾਕੇ ਬਨਾਉਟੀ ਢੰਗ ਨਾਲ ਤਿਆਰ ਹੋ ਰਿਹਾ ਹੈ, ਰੇਲਵੇ ਸਟੇਸ਼ਨਾਂ ਤੇ ਗੰਦੇ ਮੰਦੇ ਪਾਣੀ ਵਾਲੀਆ ਬੋਤਲਾਂ ਸੀਲਾਂ ਲਾ ਲਾਕੇ ਲੋਕਾ ਨੂੰ ਪਿਲਾਈਆ ਜਾ ਰਹੀਆ ਹਨ..! ਧਰਤੀ ਹੇਠਲਾ ਪਾਣੀ ਦੂਸ਼ਤ, ਹਵਾ ਵਿੱਚ ਪ੍ਰਦੂਸ਼ਣ..! ਕੀਹਦੇ ਕੀਹਦੇ ਸੈਂਪਲ ਭਰੋਗੇ..? ਇਸੇ ਕਰਕੇ ਜੰਮਦਾ ਬੱਚਾ ਹਜ਼ਾਰਾ ਬਿਮਾਰੀਆਂ ਨਾਲ ਲੈਕੇ ਆਉਦਾ ਹੈ..! ਇਸੇ ਕਰਕੇ ਭਾਰਤ ਵਿੱਚ ਲੋਕ ਕੈਂਸਰ, ਲਿਵਰ, ਕਿਡਨੀਆਂ ਆਦਿ ਵਰਗੀਆ ਲਾਇਲਾਜ ਬਿਮਾਰੀਆ ਨਾਲ ਜੂਝਦੇ ਜਾਨ ਤੋਂ ਹੱਥ ਧੋ ਰਹੇ ਨੇ..! ਹਾਲੇ ਵੀ ਵੇਲਾ ਹੈ ਜਾਗੋ ਲੋਕੋ ਜਾਗੋ..!

**ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"**

# ਉਭਰਦਾ ਪੰਜਾਬੀ ਗਾਇਕ ਗੈਵੀ ਸਿੰਘ

ਪੰਜਾਬੀ ਗਾਇਕੀ ਵਿੱਚ ਜ਼ੋਰ ਅਜ਼ਮਾਇਸ਼ੀ ਕਰਨ ਲਈ ਹਰ ਰੋਜ਼ ਅਨੇਕਾਂ ਚਿਹਰੇ ਫੇਸਬੁਕ, ਯੂ ਟੂਇਬ ਜਾ ਹੋਰ ਸ਼ੋਸ਼ਲ ਨਿੱਟਵਰਕ ਜ਼ਰੀਏ ਆਪਣੇ ਫ਼ਨ ਦਾ ਮੁਜ਼ਾਹਰਾ ਕਰਕੇ ਪੰਜਾਬੀ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਮੂਹਰੇ ਆ ਰਹੇ ਹਨ। ਪਰ ਬੜੀਆਂ ਥੋੜੀਆਂ ਅਵਾਜ਼ਾ ਨੇ ਜੋ ਸਰੋਤਿਆਂ ਤੇ ਅੱਛੀ ਛਾਪ ਛੱਡਣ ਵਿੱਚ ਕਾਮਯਾਬ ਹੁੰਦੀਆਂ ਹਨ।

ਮੈਂ ਗੱਲ ਕਰਨ ਜਾ ਰਿਹਾ ਹਾਂ ਮੋਗਾ ਜਿਲ੍ਹੇ ਦੇ ਪਿੰਡ ਸਮਾਧ ਭਾਈ ਦੇ ਜੰਮਪਲ੍ਹ, ਪਿਤਾ ਜੁਗਿੰਦਰ ਸਿੰਘ ਅਤੇ ਮਾਤਾ ਜਸਵੀਰ ਕੌਰ ਦੇ ਲਾਡਲੇ ਫ਼ਰਜ਼ੰਦ ਪੰਜਾਬੀ ਗਾਇਕੀ ਦੇ ਵਿਹੜੇ ਦਾ ਸ਼ਿਗਾਰ ਉਭਰਦੇ ਗਾਇਕ ਮੁਛ-ਫੁਟ ਸੋਹਣੇ ਸੁਨੱਖੇ ਗੌਭਰੂ ਗੈਵੀ ਸਿੰਘ ਦੀ..! ਜਿਹੜਾ ਪਿਛਲੇ ਦਿਨੀ ਗੋਇਲ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਪਲੇਠਾ ਸਿੰਗਲ ਟਰੈਕ ਗੀਤ "ਫੋਰਡ ਨਾਲ ਯਾਰੀ" ਨਾਲ ਮਾਰਕੀਟ ਦੇ ਵਿੱਚ ਹਾਜ਼ਰੀ ਲਵਾਉਣ ਲਈ ਆਇਆ ਸੀ, ਜੋ ਲੋਕਾ ਨੇ ਬੇਹੱਦ ਪਸੰਦ ਕੀਤਾ। ਇਸ ਗੀਤ ਦਾ ਮਿਊਜ਼ਿਕ ਆਰ ਗੁਰੂ ਨੇ ਦਿੱਤਾ ਹੈ ਜੋ ਕਿ ਰੌਲੇ ਗੌਲੇ ਤੋਂ ਦੂਰ ਸੁਣਨ ਵਾਲੇ ਦੇ ਕੰਨਾਂ ਵਿੱਚ ਰਸ ਘੋਲਦਾ ਹੈ। ਇਸ ਗੀਤ ਦੇ ਲੇਖਕ ਹਨ ਮਸ਼ਹੂਰ ਗੀਤਕਾਰ ਅਮਰੋਜ ਫੂਲੇਵਾਲੀਆ। ਇਸ ਗੀਤ ਦੇ ਵਿੱਚ ਗੀਤਕਾਰ ਨੇ ਇੱਕ ਕਿਸਾਨ ਦੇ ਬੇਟੇ ਦਾ




ਫੋਰਡ ਟਰੈਕਰਟ ਨਾਲ ਲਗਾਹ ਲਿੱਖਕੇ ਆਮ ਲੋਕਾ ਨੂੰ ਉਹਦੇ ਜ਼ਜਬਾਤਾ ਤੋਂ ਜਾਣੂ ਕਰਵਾਉਣ ਦੀ ਬਾਖੂਬੀ ਕੋਸ਼ਿਸ਼ ਕੀਤੀ ਹੈ। ਅੱਜ ਕੱਲ ਵੀਡੀਓ ਦਾ ਯੁਗ ਹੋਣ ਕਰਕੇ ਵਧੀਆ ਤਰੀਕੇ ਨਾਲ ਗੀਤ ਨੂੰ ਫਿਲਮਾਉਣਾ ਬਹੁਤ ਜਰੂਰੀ ਹੈ। ਅਤੇ ਇਸ ਗੀਤ ਨੂੰ ਅਸ਼ਲੀਲਤਾ ਤੋਂ ਦੂਰ ਸਾਫ਼ ਸੁਥਰੇ ਢੰਗ ਨਾਲ ਫਿਲਮਾਉਣ ਦਾ ਸਿਹਰਾ ਉਘੇ ਵੀਡੀਓ ਨਿਰਦੇਸ਼ਕ ਜੇ ਸੀ ਈ ਧਨੋਆ ਸਿਰ ਜਾਂਦਾ ਹੈ।

ਗੈਬੀ ਸਿੰਘ ਜਿਹੜਾ ਆਪਣੇਂ ਮੁਲਕ ਦੀ ਧਰਤੀ ਤੋਂ ਹਜ਼ਾਰਾ ਮੀਲ ਦੂਰ ਅਮਰੀਕਾ ਦੇ ਖੂਬਸੂਰਤ ਸ਼ਹਿਰ ਫਰਿਜ਼ਨੋ ਆ ਵਸਿਆ ਹੈ, ਲੇਕਿਨ ਸ਼ਾਇਦ ਦਿਲ ਅਜੇ ਵੀ ਓਹਦਾ ਪੰਜਾਬ ਹੀ ਉਡਾਰੀਆਂ ਮਾਰਦਾ ਹੈ ਅਤੇ ਉਹਨਾਂ ਉਡਾਰੀਆਂ ਵਿੱਚੋਂ ਹੀ "ਫੋਰਡ ਟਰੈਕਟਰ" ਗੀਤ ਨਿਕਲਿਆ ਹੈ ਅਤੇ ਗੈਬੀ ਸਿੰਘ ਦੀ ਦਮਦਾਰ ਅਵਾਜ਼ ਇਸ ਗੀਤ ਨੂੰ ਹੋਰ ਵੀ ਚਾਰ ਚੰਨ ਲਾਉਦੀ ਹੈ। ਆਸ ਕਰਦੇ ਹਾਂ ਕਿ ਜਿਸ ਤਰੀਕੇ ਨਾਲ ਇਹ ਗੀਤ ਸਰੋਤਿਆਂ ਦੀਆਂ ਆਸਾਂ ਤੇ ਖਰਾ ਉਤਰਕੇ ਮਾਰਕੀਟ ਵਿੱਚ ਧੁੰਮਾਂ ਪਾ ਰਿਹਾ ਹੈ, ਅਗਾਂਹ ਤੋਂ ਵੀ ਗੈਬੀ ਸਾਡੇ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਮੋਟ ਕਰਨ ਵਾਲੇ ਸਾਫ਼ ਸੁਥਰੇ ਗੀਤ ਪੰਜਾਬੀ ਮਾਂ ਬੋਲ੍ਹੀ ਦੀ ਝੋਲੀ ਪਾਉਦਾ ਰਹੇਗਾ..!

**ਗੁਰਿੰਗਰਜੀਤ ਸਿੰਘ "ਨੀਟਾ ਮਾਛੀਕੇ"**
**ਫਰਿਜ਼ਨੋ, ਕੈਲੇਫੋਰਨੀਆਂ**

ਦੇਸ਼ ਦੁਆਬਾ

# ਆਪਣੀ ਹੋਂਦ ਲਈ ਲੜ ਰਹੇ ਨੇ ਜਨਤਾ ਦਲੀਏ

ਭਾਰਤ ਦੇ ਉਤਰ ਪ੍ਰਦੇਸ਼ ਅਤੇ ਬਿਹਾਰ ਸੂਬਿਆਂ ਨੂੰ ਭਾਰਤ ਦੀ ਰਾਜਨੀਤੀ ਵਿਚ ਵੱਡੀ ਤਬਦੀਲੀ ਲਿਆਉਣ ਵਾਲੇ ਸੂਬੇ ਮੰਨਿਆ ਜਾਂਦਾ ਹੈ, ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਇਹਨਾਂ ਸੂਬਿਆਂ ਤੋਂ ਸਭ ਤੋਂ ਜ਼ਿਆਦਾ ਸੀਟਾਂ ਲੋਕ ਸਭਾ ਦੀਆਂ ਹੁੰਦੀਆਂ ਹਨ। ਇਸ ਵਕਤ ਜਨਤਾ ਦਲ (ਯੂ), ਰਾਸ਼ਟਰੀ ਜਨਤਾ ਦਲ ਦੇ ਲੀਡਰ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਕਾਸ ਦੀ ਮਾਲਾ ਲੈ ਕੇ ਚੋਣਾਂ ਵਿਚ ਉਤਰਨ ਦਾ ਐਲਾਨ ਕੀਤਾ ਹੈ।ਅਸਲ ਵਿਚ ਅਜਿਹਾ ਉਹਨਾਂ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਮਾਰਨ ਦੀ ਕੋਸ਼ਿਸ਼ ਤਹਿਤ ਕੀਤਾ ਹੈ ਪਰ ਅਸਲ ਗੱਲ ਇਹ ਹੈ ਕਿ ਜਨਤਾ ਦਲ ਹੁਣ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕਿਸੇ ਵਕਤ ਇਹ ਪਾਰਟੀ ਧਰਮ ਨਿਰਪੱਖਤਾ ਦਾ ਨਾਅਰਾ ਲੈ ਕੇ ਉਤਰੀ ਸੀ ਪਰ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਦਲਿਤ ਵਰਗ ਸਭ ਤੋਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ, ਜਦਕਿ ਇਹਨਾਂ ਸੂਬਿਆਂ ਵਿਚ ਸਭ ਤੋਂ ਵੱਧ ਸਮਾਂ ਜਨਤਾ ਪਰਿਵਾਰ ਦਾ ਰਾਜ ਰਿਹਾ ਹੈ। ਬੀਤੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਨਿਤੀਸ਼ ਕੁਮਾਰ ਭਾਜਪਾ ਤੋਂ ਦੂਰ ਹੋ ਕੇ ਚੋਣ ਲੜੇ ਤਾਂ ਉਹ ਬੁਰੀ ਤਰ੍ਹਾਂ ਹਾਰ ਗਏ। ਇਸ ਤੋਂ ਬਾਅਦ ਉਹਨਾਂ ਨੇ ਅਸਤੀਫਾ ਦੇ ਦਿੱਤਾ ਅਤੇ ਦਲਿਤ ਲੀਡਰ ਜੀਤਨ ਰਾਮ ਮਾਂਝੀ ਬਿਹਾਰ ਦੇ ਮੁੱਖ ਮੰਤਰੀ ਬਣੇ। ਪਰ ਨਿਤੀਸ਼ ਕੁਮਾਰ ਦਾ ਕੁਰਸੀ ਮੋਹ ਥੋੜ੍ਹੀ ਦੇਰ ਬਾਅਦ ਹੀ ਜਾਗ ਪਿਆ ਅਤੇ ਜੀਤਨ ਰਾਮ ਮਾਂਝੀ ਨੂੰ ਕੁਰਸੀ ਤੋਂ ਲਾਹ ਕੇ ਆਪ ਕੁਰਸੀ ਤੇ ਬੈਠ ਗਏ। ਪਿਛਲੇ ਸਾਲ ਹੋਈਆਂ ਚੋਣਾਂ ਵਿਚ ਜਨਤਾ ਦਲ ਨੂੰ 35 ਫੀਸਦੀ ਤੋਂ ਜ਼ਿਆਦਾ ਵੋਟ ਨਹੀਂ ਮਿਲੀ ਸੀ। ਪਰ ਇਸ ਵਾਰ ਨਿਤੀਸ਼ ਕੁਮਾਰ ਫਿਰ ਜਾਤੀਵਾਦ ਅਤੇ ਗੱਠਜੋੜ ਨੂੰ ਤਰਜੀਹ ਦੇ ਕੇ ਦੁਬਾਰਾ ਸੱਤਾ ਹਾਸਲ ਕਰਨਾ ਚਾਹੁੰਦੇ ਹਨ। ਭਾਜਪਾ ਨੇ ਇਸ ਵਾਰ ਤੁਰਪ ਦਾ ਪੱਤਾ ਖੇਡਿਆ ਹੈ ਅਤੇ ਜੀਤਨ ਰਾਮ ਮਾਂਝੀ ਦੀ ਪਿੱਠ ਤੇ ਖੜ੍ਹੀ ਹੋ ਗਈ ਹੈ। ਜੇਕਰ ਭਾਜਪਾ ਆਉਣ ਵਾਲੇ ਸਮੇਂ ਵਿਚ ਜੀਤਨ ਰਾਮ ਮਾਂਝੀ ਨੂੰ ਅੱਗੇ ਲੈ ਕੇ ਚਲਦੀ ਹੈ ਤਾਂ ਦਲਿਤ ਵਰਗ ਦੀ ਵੋਟ ਦਾ ਫਾਇਦਾ ਇਸ ਪਾਰਟੀ ਨੂੰ ਮਿਲ ਸਕਦਾ ਹੈ ਅਤੇ ਜਨਤਾ ਪਰਿਵਾਰ ਹੁਣ ਭਾਵੇਂ ਇਕ ਹੋ ਗਿਆ ਹੈ, ਫਿਰ ਵੀ ਭਾਜਪਾ ਦਾ ਮੁਕਾਬਲਾ ਨਹੀਂ ਕਰ ਸਕਦਾ। ਅਸਲ ਵਿਚ ਜਨਤਾ ਪਰਿਵਾਰ ਗੁੰਮਰਾਹ ਹੋ ਰਿਹਾ ਹੈ। ਇਸ ਦੇ ਲੀਡਰ ਸੱਤਾ ਦੇ ਮੋਹ ਵਿਚ ਫਸੇ ਬੈਠੇ ਹਨ। ਵਿਕਾਸ ਦੇ ਨਾਂ ਉਤੇ ਇਹਨਾਂ ਦੇ ਕੋਲ ਨੀਤੀਆਂ ਨਹੀਂ ਰਹੀਆਂ ਅਤੇ ਸਮਾਜਵਾਦ ਦਾ ਏਜੰਡਾ ਗਾਇਬ ਹੋ ਗਿਆ ਹੈ। ਇਸੇ ਕਾਰਨ ਹੀ ਜਨਤਾ ਪਰਿਵਾਰ ਸੁੰਗੜਦਾ ਜਾ ਰਿਹਾ ਹੈ। ਭਾਜਪਾ ਬੇਸ਼ੱਕ ਇਕ ਸੰਪਰਦਾਇਕ ਪਾਰਟੀ ਹੈ, ਪਰ ਇਸ ਦੀਆਂ ਨੀਤੀਆਂ ਕਾਂਗਰਸ ਤੋਂ ਵੱਖਰੀਆਂ ਨਹੀਂ। ਕਿਸੇ ਵੇਲੇ ਦਲਿਤ ਵਰਗ ਕਾਂਗਰਸ ਦੇ ਨਾਲ ਹੁੰਦਾ ਸੀ ਅਤੇ ਕਾਂਗਰਸ ਦੀਆਂ ਮੌਕਾਪ੍ਰਸਤ ਨੀਤੀਆਂ ਦੇ ਕਾਰਨ ਬਸਪਾ ਵੱਲ ਆਕਰਸ਼ਿਤ ਹੋਇਆ। ਹੁਣ ਇਹ ਭਾਈਚਾਰਾ ਬਸਪਾ ਤੋਂ ਵੀ ਨਰਾਜ਼ ਹੈ ਅਤੇ ਦੁਚਿੱਤੀ ਵਾਲੀ ਸਥਿਤੀ ਵਿਚ ਹੈ। ਇਸ ਸਥਿਤੀ ਵਿਚ ਬਿਹਾਰ ਵਿਚ ਜਨਤਾ ਪਰਿਵਾਰ ਇਸ ਭਾਈਚਾਰੇ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਅਜਿਹਾ ਕੁਝ ਨਹੀਂ ਕਰ ਸਕਿਆ, ਜਿਸ ਦਾ ਜਨਤਾ ਪਰਿਵਾਰ ਵਾਅਦਾ ਕਰਦਾ ਰਿਹਾ ਹੈ।

ਬਿਹਾਰ ਵਿਚ ਜੀਤਨ ਰਾਮ ਮਾਂਝੀ ਦੇ ਗੱਦੀ ਤੇ ਬੈਠਦਿਆਂ ਹੀ ਅਜਿਹੀਆਂ ਘਟਨਾਵਾਂ ਹੋਣ ਲੱਗੀਆਂ, ਜਿਹੜੀਆਂ ਬਿਹਾਰ ਵਿਚ ਪਹਿਲਾਂ ਆਮ ਹੁੰਦੀਆਂ ਸਨ। ਲੁੱਟਮਾਰ, ਡਕੈਤੀ ਅਤੇ ਹੱਤਿਆਵਾਂ ਦੇ ਮਾਮਲੇ ਵਿਚ ਬਿਹਾਰ ਦਾ ਗਰਾਫ ਵੱਧ ਗਿਆ। ਇਸ ਪਿੱਛੇ ਕਾਰਨ ਅਮਨ-ਕਾਨੂੰਨ ਨਹੀਂ ਬਲਕਿ ਜਾਤੀਵਾਦੀ ਰਿਹਾ ਹੈ। ਮਾਂਝੀ ਨੂੰ ਕਮਜ਼ੋਰ ਰੱਖਣ ਲਈ ਜਨਤਾ ਪਰਿਵਾਰ ਦੇ ਹੀ ਲੀਡਰ ਪਰਦੇ ਪਿੱਛੇ ਕੰਮ ਕਰਦੇ ਰਹੇ ਹਨ।

# ਧਨ, ਧੰਦਾ ਤੇ ਧਰਮ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-126

ਵਿਦੇਸ਼ ਦੇ ਇਕ ਗੁਰਦੁਆਰੇ ਅੰਦਰ 'ਡਾਇਸ' 'ਤੇ ਖੜ੍ਹੇ ਸਟੇਜ ਸਕੱਤਰ ਜੀ ਦੀਵਾਨ ਦੇ ਪ੍ਰੋਗਰਾਮ ਸਬੰਧੀ ਸੰਗਤ ਨੂੰ ਜਾਣਕਾਰੀ ਦੇ ਰਹੇ ਹਨ। ਪ੍ਰਕਾਸ਼ ਅਸਥਾਨ ਦੇ ਨਾਲ ਹੀ ਬਣੀ ਹੋਈ ਸਟੇਜ ਹਾਲੇ ਖਾਲੀ ਪਈ ਹੈ। ਗੁਰੂ ਮਹਾਰਾਜ ਨੂੰ ਮੱਥਾ ਟੇਕਣ ਆ ਰਹੇ ਸ਼ਰਧਾਲੂ ਗੋਲਕ ਵਿਚ ਮਾਇਆ ਭੇਂਟ ਕਰਕੇ ਪ੍ਰਕਰਮਾ ਕਰਨ ਵੇਲੇ, ਖਾਲੀ ਪਈ ਸਟੇਜ ਦੇ ਇਕ ਖੂੰਜੇ ਉਤੇ ਵੀ ਡਾਲਰ ਰੱਖੀ ਜਾ ਰਹੇ ਹਨ। ਜਦਕਿ ਸਟੇਜ 'ਤੇ ਕਥਾ, ਕੀਰਤਨ, ਗੀਤ ਜਾਂ ਕਵਿਤਾ ਦਾ ਕੋਈ ਗਾਇਨ ਨਹੀਂ ਹੋ ਰਿਹਾ। ਪਰ ਇਕ ਦੂਜੇ ਦੇ ਮਗਰੇ-ਮਗਰ ਸਾਰੇ ਜਣੇ ਸਟੇਜ ਨੂੰ 'ਨਮਸਕਾਰ ਕਰਦਿਆਂ' ਮਾਇਆ ਧਰੀ ਜਾ ਰਹੇ ਹਨ!

ਹੁਣੇ ਕੀਤੀ ਗਈ 'ਅਨਾਊਂਸਮੈਂਟ' ਮੁਤਾਬਕ ਇਕ ਕਥਾ-ਵਾਚਕ ਬਾਬਾ ਜੀ ਸਟੇਜ 'ਤੇ ਚੌਂਕੜੀ ਮਾਰ ਕੇ ਆਣ ਬੈਠੇ ਨੇ। ਖੁੱਲ੍ਹੇ ਡੁੱਲ੍ਹੇ ਦੀਵਾਨ ਹਾਲ ਵਿਚ ਬਣੇ ਹੋਏ ਸਟੇਜ ਦੇ ਮੋਹਰੇ ਅਤੇ ਆਲੇ ਦੁਆਲੇ ਸਾਰੀ ਜਗ੍ਹਾ ਖਾਲੀ ਪਈ ਹੈ। ਫਿਰ ਵੀ ਸ਼ਰਧਾਲੂ-ਜਨ ਕੋਈ ਦੂਰ ਪਿੱਛੇ, ਕੋਈ ਸੱਜੇ, ਕੋਈ ਖੱਬੇ ਦੀਆਂ ਕੰਧਾਂ ਨਾਲ ਢਾਸਣੇ ਲਾਈ ਬੈਠੇ ਨੇ। ਕੁਝ ਕੁ ਵਿਚਾਲੇ ਵੀ ਵਿਰਲੇ ਵਿਰਲੇ ਇਕ ਦੂਸਰੇ ਤੋਂ ਹਟਵੇਂ ਚੌਂਕੜੀਆਂ ਮਾਰੀ ਬੈਠੇ ਸਟੇਜ ਵੱਲ ਦੇਖੀ ਜਾਂਦੇ ਹਨ। ਮੰਗਲਾ-ਚਰਨ ਵਜੋਂ ਇਕ ਸਲੋਕ ਪੜ੍ਹ ਕੇ ਕਥਾ-ਵਾਚਕ ਨੇ ਦੋਵੇਂ ਹੱਥ ਜੋੜਦਿਆਂ ਸੰਗਤ ਨੂੰ ਬੜੀ ਨਿਮਰਤਾ ਨਾਲ ਅਰਜੋਈ ਕੀਤੀ ਕਿ ਇੰਝ ਟੁੱਟਵੀਂ ਜਿਹੀ ਬੈਠੀ ਸੰਗਤ ਦੇ ਸਨਮੁਖ ਬੋਲਦਿਆਂ, ਵਕਤੇ ਨੂੰ ਰਸ ਨਹੀਂ ਆਉਂਦਾ। ਉਸ ਨੇ ਗੁਰਬਾਣੀ ਦੀ ਇਕ ਪੰਕਤੀ ਦਾ ਹਵਾਲਾ ਦਿੱਤਾ-

ਸਤ ਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ।।

ਗੁਰਮੁਖ-ਜਨੋ, ਸੰਗਤ ਵਿਚ ਇਉਂ ਬੈਠਣਾ ਚਾਹੀਦਾ ਐ, ਜਿਵੇਂ ਸ਼ਹਿਦ ਦੇ ਛੱਤੇ ਉਪਰ ਮੱਖੀਆਂ ਬੈਠੀਆਂ ਹੁੰਦੀਆਂ ਨੇ- ਇਕ ਦੂਜੀ ਨਾਲ ਜੁੜ ਜੁੜ ਕੇ। ਸੰਗਤ ਵੀ ਇਉਂ ਹੀ ਸਜੀ ਹੋਈ ਹੋਵੇ ਤਾਂ ਵਕਤੇ ਅਤੇ ਸਰੋਤਿਆਂ ਵਿਚਕਾਰ ਇਕਾਗਰਤਾ ਬਣ ਆਉਂਦੀ ਹੈ। ਇਹ ਦਲੀਲ ਦਿੰਦਿਆਂ ਕਥਾ-ਵਾਚਕ ਬਾਬਾ ਜੀ ਨੇ ਫਿਰ ਸੰਗਤ ਨੂੰ ਬਿਨੈ ਕੀਤੀ ਕਿ ਜੀ ਦੇਹੋ ਅਸੀਸ! ਸਾਵਧਾਨ ਏਕਾਗਰ ਚੀਤ ਵਾਲੀ ਅਵਸਥਾ ਧਾਰਨ ਕਰਦਿਆਂ ਢਾਸਣੇ ਤਿਆਗ ਕੇ ਸਟੇਜ ਦੇ ਲਾਗੇ ਲਾਗੇ ਹੋ ਜੋ ਭਾਈ!

ਪ੍ਰੰਤੂ ਉਸਦੀ 'ਬੇਨਤੀ' ਦਾ ਕੋਈ ਖਾਸ ਅਸਰ ਨਾ ਹੋਇਆ। ਸਿਵਾਏ ਦੋ-ਚਾਰ ਕੁ ਮਾਈਆਂ-ਭਾਈਆਂ ਦੇ, ਜੋ ਬੈਠਿਆਂ ਬੈਠਿਆਂ ਹੀ ਘਿਸਰਦੇ ਹੋਏ ਅੱਗੇ ਨੂੰ ਹੋ ਗਏ। ਕੰਧਾਂ ਨਾਲ ਪਿੱਠਾਂ ਲਾਈ ਬੈਠੇ ਟੱਸ ਤੋਂ ਮੱਸ ਨਾ ਹੋਏ। ਉਹ ਬੜੀ ਸ਼ਾਂਤੀ ਨਾਲ ਇੰਝ 'ਸਜੇ' ਰਹੇ ਜਿਵੇਂ ਉਨ੍ਹਾਂ ਨੂੰ ਕਥਾਕਾਰ ਦੀ ਕੋਈ ਗੱਲ ਸੁਣੀ ਹੀ ਨਾ ਹੋਵੇ! ਠੰਢਾ ਜਿਹਾ ਸਾਹ ਭਰਕੇ, ਬਾਬੇ ਜੀ ਨੇ ਪੌਣਾ ਘੰਟਾ ਕਥਾ ਵਿਆਖਿਆ ਕੀਤੀ। ਇਸੇ 'ਸਰੂਪ' ਵਿਚ ਸਜੀ ਸੰਗਤ ਨੇ ਕਥਾ 'ਸਰਵਣ' ਕਰ ਲਈ।

ਕਥਾ ਸਮਾਪਤੀ 'ਤੇ ਸਟੇਜ ਸਕੱਤਰ ਫਿਰ ਸੰਗਤਾਂ ਨੂੰ ਮੁਖਾਤਿਬ ਹੋਇਆ, ''ਹੁਣ ਅਸੀਂ ਆਪ ਜੀ ਦਾ ਜ਼ਿਆਦਾ ਸਮਾਂ ਨਹੀਂ ਲਵਾਂਗੇ। ਬੱਸ ਆਹ ਇਕ 'ਪੋਸਟਲ ਡਿਪਾਰਟਮੈਂਟ' ਤੋਂ ਸਾਡੇ ਵੀਰ ਜੀ ਆਏ ਨੇ, ਜੋ ਡਾਕ ਮਹਿਕਮੇ ਵਿਚ ਨਿਕਲੀਆਂ ਕੁਝ ਨਵੀਆਂ ਜੌਬਾਂ (ਨੌਕਰੀਆਂ) ਬਾਰੇ ਆਪ ਜੀ ਨੂੰ ਜਾਣਕਾਰੀ ਦੇਣਗੇ। ਲੋੜਵੰਦ ਸੱਜਣ ਇਹਨਾਂ ਪਾਸੋਂ 'ਅਪਲਾਈ ਫਾਰਮ' ਵੀ ਬਾਅਦ ਵਿਚ ਲੈ ਸਕਦੇ ਨੇ। ਲਓ ਪੂਰੀ ਜਾਣਕਾਰੀ ਉਹਨਾਂ ਪਾਸੋਂ ਸਰਵਣ ਕਰੋ।''

ਸਿਰ ਉਤੇ ਚਿੱਟਾ ਰੁਮਾਲ ਬੰਨ੍ਹੀ ਇਕ ਸ੍ਰੀਮਾਨ ਜੀ ਆਪਣੇ ਹੱਥਾਂ ਵਿਚਲਾ ਫਾਰਮਾਂ ਦਾ ਥੱਬਾ ਸਟੇਜ 'ਤੇ ਰੱਖ ਕੇ ਮਾਈਕ ਵੱਲ ਵਧੇ। ਸੰਗਤਾਂ ਵਿਚ ਇੱਕਦਮ ਉਤਸੁਕਤਾ ਛਾਅ ਜਾਂਦੀ ਹੈ। ਸਾਰੇ ਜਣੇ ਧੌਣਾਂ ਉਚੀਆਂ ਕਰ ਕਰ ਕੇ, ਕਦੇ ਸਟੇਜ ਉਤੇ ਪਏ ਫਾਰਮਾਂ ਦੇ ਪਲੰਧੇ ਵੱਲ ਅਤੇ ਕਦੇ ਬਾਬੂ ਜੀ ਵੱਲ ਦੇਖਦੇ ਹਨ।

ਹਾਲੇ ਉਸ ਨੇ ਮਾਈਕ ਹੱਥ 'ਚ ਲੈ ਕੇ 'ਥੈਂਕ ਯੂ' ਹੀ ਆਖਿਆ ਹੈ ਕਿ ਕੰਧਾਂ ਨਾਲ ਆਸਣ ਜਮਾਈ ਬੈਠੇ ਸਭ ਮਾਈ-ਭਾਈ ਉਠ ਉਠ ਕੇ ਸਟੇਜ ਲਾਗੇ ਜੁੜਨ ਲੱਗ ਪਏ। ਬੀਬੀਆਂ ਵੀ ਆਪੋ ਆਪਣੇ ਬੱਚਿਆਂ ਨੂੰ 'ਚੁੱਪ ਰਹਿਣ' ਦੇ ਇਸ਼ਾਰੇ ਕਰਦੀਆਂ ਹੋਈਆਂ ਡਾਇਸ ਵੱਲ ਨਿਗਾਹਾਂ ਗੱਡ ਲੈਂਦੀਆਂ ਹਨ।

ਡਾਕ ਘਰੋਂ ਆਏ ਬਾਬੂ ਜੀ ਨੇ ਨਵੀਆਂ ਨਿਕਲੀਆਂ ਜੌਬਾਂ ਲਈ 'ਅਪਲਾਈ' ਕਰਨ ਦਾ ਢੰਗ-ਤਰੀਕਾ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਮੈਂ ਸਟੇਜ 'ਤੇ ਹੀ ਬੈਠਾਂਗਾ। ਪ੍ਰਸ਼ਾਦ ਵਰਤਣ ਉਪਰੰਤ ਲੋੜਵੰਦ ਭਾਈ-ਭੈਣ ਮੇਰੇ ਕੋਲੋਂ ਫਾਰਮ ਲੈ ਸਕਦੇ ਨੇ। ਇਹ ਬਿਲਕੁਲ ਫਰੀ ਹਨ। ਉਹਦੇ ਵੱਲੋਂ ਇੰਝ ਕਹਿਣ ਦੀ ਹੀ ਦੇਰ ਸੀ ਕਿ ਪ੍ਰਸ਼ਾਦ ਦੀ ਉਡੀਕ ਤੋਂ ਪਹਿਲੋਂ ਹੀ ਸਾਰੇ ਜਣੇ ਸਟੇਜ ਵੱਲ ਨੂੰ ਲੱਗਭੱਗ ਭੱਜਣ ਹੀ ਲੱਗ ਪਏ। ਕਿਸੇ ਨੇ ਇਕ, ਕਿਸੇ ਨੇ ਦੋ-ਦੋ, ਤਿੰਨ-ਤਿੰਨ ਫਾਰਮ ਚੁੱਕ ਲਏ। ਪ੍ਰਸ਼ਾਦ ਵਰਤਾਉਣ ਵਾਲੇ ਭਾਈ ਪ੍ਰਸ਼ਾਦ ਨਾਲ ਭਰੇ ਹੋਏ ਬਾਟੇ ਚੁੱਕੀ ਖੜ੍ਹੇ ਦੇਖ ਰਹੇ ਸਨ ਕਿ ਕਦੋਂ 'ਫਾਰਮ-ਪ੍ਰਸ਼ਾਦ' ਮੁੱਕੇ ਤਾਂ ਅਸੀਂ ਦੇਗ ਵਰਤਾਈਏ। ਕਥਾ ਵਾਚਕ ਬਾਬਾ ਜੀ, ਕਿਣਕਾ ਮਾਤ੍ਰ ਪ੍ਰਸ਼ਾਦ ਲੈ ਕੇ ਦੀਵਾਨ ਹਾਲ 'ਚੋਂ ਬਾਹਰ ਨੂੰ ਚਲਾ ਗਿਆ।

# ਸ਼ੰਕਾ-ਨਵਿਰਤੀ



ਮੇਘ ਰਾਜ ਮਿੱਤਰ
+91-98887-87440

**ਝੂਠ ਫੜਨ ਵਾਲੀ ਮਸ਼ੀਨ ਕਿਵੇਂ ਕੰਮ ਕਰਦੀ ਹੈ?**

ਝੂਠ ਫੜਨ ਵਾਲੀ ਮਸ਼ੀਨ ਵਿਚ ਦਿਲ ਦੀ ਧੜਕਣ ਅਤੇ ਨਬਜ਼ ਰੇਟ ਮਾਪਣ ਦਾ ਵੀ ਪ੍ਰਬੰਧ ਹੁੰਦਾ ਹੈ। ਜਦੋਂ ਕੋਈ ਵਿਅਕਤੀ ਝੂਠ ਬੋਲਦਾ ਹੈ ਤਾਂ ਉਸਦੀ ਦਿਲ ਦੀ ਧੜਕਨ, ਅਤੇ ਨਬਜ ਰੇਟ ਵਧ ਜਾਂਦੇ ਹਨ। ਮਨੁੱਖ ਵੱਲੋਂ ਸੁਆਲਾਂ ਦੇ ਜੁਆਬਾਂ ਵਿੱਚ ਬੋਲੀਆਂ ਗਈਆਂ ਵਿਰੋਧਤਾਈਆਂ ਵੀ ਝੂਠ ਫੜਨ ਵਿੱਚ ਸਹਾਈ ਹੁੰਦੀਆਂ ਹਨ। ਪਰ ਇਸ ਮਸ਼ੀਨ ਦੀ ਭਰੋਸੇਯੋਗਤਾ ਦੇ ਉੱਪਰ ਬਹੁਤ ਸਾਰੇ ਕਿੰਤੂ ਹਨ। ਦੁਨੀਆ ਦੀ ਕਿਸੇ ਵੀ ਅਦਾਲਤ ਵਿਚ ਇਸ ਨੂੰ ਸਬੂਤ ਦੇ ਤੌਰ 'ਤੇ ਪ੍ਰਵਾਨ ਨਹੀਂ ਕੀਤਾ ਜਾਂਦਾ।

**? ਜੇਕਰ ਅਸੀਂ ਪੁਲਾੜ ਵਿੱਚ ਬਿਨਾਂ ਪੁਲਾੜੀ ਕੱਪੜੇ ਪਾਏ ਅਤੇ ਸਿਰਫ਼ ਆਕਸੀਜਨ ਦਾ ਸਿਲੰਡਰ ਲੈ ਕੇ ਪੁਲਾੜੀ ਵਾਹਣ ਤੋਂ ਬਾਹਰ ਨਿਕਲੀਏ ਤਾਂ ਕੀ ਹੋਵੇਗਾ?**

ਧਰਤੀ ਉੱਪਰ ਅਸੀਂ ਵਿਸ਼ੇਸ਼ ਦਬਾਓ ਤੇ ਰਹਿਣ ਦੇ ਆਦੀ ਹੋ ਗਏ ਹਾਂ। ਇਹ ਦਬਾਓ 76 ਸੈਂਟੀਮੀਟਰ ਪਾਰੇ ਦਾ ਹੈ। ਜੋ ਅਸੀਂ ਪੁਲਾੜ ਵਿਚ ਪੁਲਾੜੀ ਪੁਸ਼ਾਕ ਤੋਂ ਬਿਨ੍ਹਾਂ ਜਾਵਾਂਗੇ ਤਾਂ ਸਾਡਾ ਖ਼ੂਨ ਨਾੜੀਆਂ ਵਿਚੋਂ ਬਾਹਰ ਨਿਕਲ ਤੁਰੇਗਾ। ਪਲਾਂ ਵਿਚ ਹੀ ਅਸੀਂ ਅਲਵਿਦਾ ਆਖ ਜਾਵਾਂਗੇ।

**? ਜੇਕਰ ਕੋਈ ਬੰਦਾ ਮਰ ਜਾਵੇ, ਕੀ ਉਸਨੂੰ ਦੁਬਾਰਾ ਜਿੰਦਾ ਕੀਤਾ ਜਾ ਸਕਦਾ ਹੈ?**

ਮਨੁੱਖੀ ਮੌਤ ਦੇ ਪੰਜ ਮਿੰਟ ਤੋਂ ਬਾਅਦ ਸਰੀਰ ਦੇ ਸੈੱਲਾਂ ਵਿੱਚ ਅਜਿਹੀਆਂ ਰਸਾਇਣਿਕ ਤਬਦੀਲੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਦੁਬਾਰਾ ਉਸੇ ਹਾਲਤ ਵਿੱਚੋਂ ਲਿਆਉਣਾ ਅਸੰਭਵ ਹੁੰਦਾ ਹੈ। ਇਸ ਲਈ ਸਧਾਰਨ ਤਾਪਮਾਨ 'ਤੇ ਮਰੇ ਕਿਸੇ ਵਿਅਕਤੀ ਨੂੰ ਪੰਜ ਮਿੰਟਾਂ ਬਾਅਦ ਜਿਉਂਦਾ ਕਰਨਾ ਅਸੰਭਵ ਹੈ। ਪਰ ਜੇ ਕਿਸੇ ਵਿਅਕਤੀ ਦੀ ਮੌਤ 00 ਸੈਲਸੀਅਸ ਤਾਪਮਾਨ ਵਾਲੇ ਪਾਣੀ 'ਚ ਡੁੱਬ ਕੇ ਜਾਂ ਕਿਸੇ ਅਜਿਹੇ ਸਥਾਨ 'ਤੇ ਹੋਈ ਹੋਵੇ ਜਿੱਥੇ ਤਾਪਮਾਨ 00 ਸੈਲਸੀਅਸ ਤੋਂ ਘੱਟ ਹੋਵੇ। ਅਜਿਹੇ ਸਥਾਨਾਂ 'ਤੇ ਮ੍ਰਿਤਕ ਵਿਅਕਤੀਆਂ ਨੂੰ ਕੁਝ ਹੋਰ ਸਮੇਂ ਬਾਅਦ ਵੀ ਜਿਉਂਦਾ ਕੀਤਾ ਜਾ ਸਕਦਾ ਹੈ।

**? ਜਿਹੜਾ ਵਿਅਕਤੀ ਜ਼ਿਆਦਾ ਗਰਮੀ ਵਿੱਚ ਰਹਿੰਦਾ ਹੈ ਜਾਂ ਅੱਗ ਦੇ ਅੱਗੇ ਬੈਠ ਕੇ ਕੰਮ ਕਰਦਾ ਹੈ ਕੀ ਉਸਦਾ ਰੰਗ ਕਾਲਾ ਹੋ ਸਕਦਾ ਹੈ? ਜੇ ਹਾਂ ਤਾਂ ਇਸ ਤੋਂ ਕਿਵੇਂ ਬਚਿਆ ਜਾਵੇ?**

ਧਰਤੀ ਦੇ ਵਾਤਾਵਰਨ ਵਿੱਚ ਉਪਲਬਧ ਮਨੁੱਖੀ ਨਸਲਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਅਫਰੀਕਨ ਲੋਕ ਆਮ ਤੌਰ 'ਤੇ ਕਾਲੇ ਰੰਗ ਦੇ ਹੁੰਦੇ ਹਨ। ਇਸ ਦਾ ਕਾਰਨ ਹੈ ਕਿ ਉਨ੍ਹਾਂ ਨੂੰ ਗਰਮ ਵਾਤਾਵਰਣ ਵਿੱਚ ਰਹਿਣਾ ਪੈਂਦਾ ਹੈ। ਚਮੜੀ ਨੂੰ ਗਰਮੀ ਦੇ ਪ੍ਰਭਾਵ ਤੋਂ ਬਚਾਉਣ ਲਈ ਬਾਜ਼ਾਰ ਵਿਚ ਕੁਝ ਕ੍ਰੀਮਾਂ ਉਪਲਬਧ ਹਨ। ਕ੍ਰੀਮ ਦੀ ਤਹਿ ਕੁਝ ਸਮੇਂ ਲਈ ਚਮੜੀ ਨੂੰ ਝੁਲਸਣ ਤੋਂ ਬਚਾਉਂਦੀ ਹੈ।

**? ਖ਼ਲ ਨੂੰ ਤੂੜੀ ਵਿਚ ਰਲਾਉਂਦੇ ਹੋਏ, ਅੱਖਾਂ ਵਿੱਚੋਂ ਪਾਣੀ ਕਿਉਂ ਵਗਦਾ ਹੈ?**

'ਖ਼ਲ' ਆਮ ਤੌਰ 'ਤੇ ਸਰ੍ਹੋਂ ਜਾਂ ਵੜੇਵਿਆਂ ਤੋਂ ਬਣਦੀ ਹੈ। ਇਨ੍ਹਾਂ ਵਿੱਚ ਤੇਲ ਅਤੇ ਕੁਝ ਹੋਰ ਉੱਡਣਸ਼ੀਲ ਪਦਾਰਥ ਹੁੰਦੇ ਹਨ। ਜਿਨ੍ਹਾਂ ਦੇ ਅਣੂ ਉੱਡ ਕੇ ਅੱਖਾਂ ਵਿੱਚ ਪੈਂਦੇ ਰਹਿੰਦੇ ਹਨ ਅਤੇ ਅੱਖਾਂ ਵਿੱਚ ਜਲਣ ਪੈਦਾ ਕਰਦੇ ਹਨ। ਇਸ ਲਈ ਅੱਖਾਂ ਵਿਚੋਂ ਇਨ੍ਹਾਂ ਅਣੂਆਂ ਨੂੰ ਬਾਹਰ ਧੱਕਣ ਲਈ ਪਾਣੀ ਆਉਂਦਾ ਹੈ।

**? ਹਿਚਕੀ ਕਿਹੜੇ-ਕਿਹੜੇ ਕਾਰਨਾਂ ਕਰਕੇ ਆਉਂਦੀ ਹੈ?**

ਜਦੋਂ ਕਿਸੇ ਨੂੰ ਹਿਚਕੀ ਆਉਂਦੀ ਹੈ ਤਾਂ ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਕੋਈ ਰਿਸ਼ਤੇਦਾਰ ਯਾਦ ਕਰ ਰਿਹਾ ਹੈ। ਪਰ ਅਸੀਂ ਕਦੇ ਇਹ ਸੋਚਣ ਦਾ ਯਤਨ ਨਹੀਂ ਕਰਦੇ ਕਿ ਹਿਚਕੀ ਆਉਣ ਦਾ ਰਿਸ਼ਤੇਦਾਰ ਦੇ ਯਾਦ ਕਰਨ ਨਾਲ ਕੀ ਸੰਬੰਧ ਹੈ? ਅਸੀਂ ਜਾਣਦੇ ਹਾਂ ਕਿ ਸਾਡੀ ਛਾਤੀ ਤੇ ਪੇਟ ਦੇ ਵਿਚਕਾਰ ਇੱਕ ਪਰਦਾ ਹੁੰਦਾ ਹੈ।

ਜਦੋਂ ਅਸੀਂ ਪੇਟ ਅੰਦਰ ਨੂੰ ਖਿੱਚਦੇ ਹਾਂ ਤਾਂ ਇਹ ਪਰਦਾ ਹੇਠਾਂ ਚਲਿਆ ਜਾਂਦਾ ਹੈ ਤੇ ਪੇਟ ਨੂੰ ਦਬ-ਾਉਂਦਾ ਹੈ। ਇਸ ਤਰ੍ਹਾਂ ਫੇਫੜਿਆਂ ਵਿੱਚ ਹਵਾ ਭਰ ਜਾਂਦੀ ਹੈ। ਇਸ ਤਰ੍ਹਾਂ ਇਹ ਪਰਦਾ ਸੁੰਗੜ ਜਾਂਦਾ ਹੈ। ਇੱਕ ਰੁਕਾਵਟ ਆਉਂਦੀ ਹੈ। ਇਸਨੂੰ ਹਿਚਕੀ ਆਉਣਾ ਕਹਿੰਦੇ ਹਨ। ਪਾਣੀ ਪੀਣ ਨਾਲ ਤੇਜ਼ਾਬੀ ਮਾਦਾ ਘਟ ਜਾਂਦਾ ਹੈ ਤੇ ਹਿਚਕੀ ਬੰਦ ਹੋ ਜਾਂਦੀ ਹੈ।

**? ਕੋਈ ਵਿਅਕਤੀ ਗੂੰਗਾ ਕਿਉਂ ਹੁੰਦਾ ਹੈ, ਕੀ ਇਹ ਠੀਕ ਹੋ ਸਕਦਾ ਹੈ?**

ਬਹੁਤ ਸਾਰੇ ਆਦਮੀ ਗੂੰਗੇ ਅਤੇ ਬੋਲੇ ਹੁੰਦੇ ਹਨ। ਇਸਦਾ ਕਾਰਨ ਇਹ ਹੁੰਦਾ ਹੈ ਕਿ ਮਨੁੱਖੀ ਦਿਮਾਗ ਵਿੱਚ ਸੁਣਨ ਅਤੇ ਬੋਲਣ ਲਈ ਜੋ ਸੈੱਲ ਹੁੰਦੇ ਹਨ, ਉਹ ਜਾਂ ਤਾਂ ਘੱਟ ਹੁੰਦੇ ਹਨ ਜਾਂ ਹੁੰਦੇ ਹੀ ਨਹੀਂ। ਕਈ ਵਾਰ ਬੋਲਣ ਜਾਂ ਸੁਣਨ ਦੇ ਨੁਕਸ ਗਲੇ, ਜੀਭ ਤੇ ਕੰਨਾਂ ਵਿੱਚ ਨੁਕਸ ਕਰਕੇ ਵੀ ਹੁੰਦੇ ਹਨ। ਮਾਹਿਰ ਡਾਕਟਰਾਂ ਦੀ ਅਗਵਾਈ ਵਿੱਚ ਇਨ੍ਹਾਂ ਵਿੱਚੋਂ ਕੁਝ ਨੁਕਸ ਠੀਕ ਕੀਤੇ ਜਾ ਸਕਦੇ ਹਨ।

**? ਮਨੁੱਖ ਨੂੰ ਬਾਂਦਰ ਤੋਂ ਮਨੁੱਖ ਬਣਨ ਲਈ ਕਿਹੜੇ-ਕਿਹੜੇ ਪੜਾਵਾਂ ਵਿੱਚੋਂ ਲੰਘਣਾ ਪਿਆ ਅਤੇ ਇਸ ਦੌਰਾਨ ਉਸਨੂੰ ਕਿੰਨਾ ਸਮਾਂ ਲੱਗਿਆ?**

ਡਾਇਨਾਸੋਰ ਧਰਤੀ ਤੋਂ ਸਾਢੇ ਛੇ ਕਰੋੜ੍ਹ ਵਰ੍ਹੇ ਪਹਿਲਾਂ ਅਲੋਪ ਗਏ। ਇਸ ਤੋਂ ਬਾਅਦ ਪਸ਼ੂ-ਪੰਛੀ ਹੋਂਦ ਵਿਚ ਆਉਣ ਲੱਗ ਪਏ। ਸਾਢੇ ਚਾਰ ਕਰੋੜ ਵਰ੍ਹੇ ਪਹਿਲਾਂ ਬਾਂਦਰਾਂ ਦੀਆਂ ਨਸਲਾਂ ਧਰਤੀ ਦੇ ਉੱਪਰ ਮੌਜੂਦ ਸਨ। ਇਹ ਆਮ ਤੌਰ 'ਤੇ ਦਰੱਖਤਾਂ ਉਪਰ ਰਹਿਣ ਵਾਲੇ ਫਲੋਹਾਰੀ ਜੀਵ ਸਨ।

ਹੌਲੀ-ਹੌਲੀ ਜੰਗਲਾਂ ਦੀ ਘਾਟ ਕਾਰਨ ਇਨ੍ਹਾਂ ਲਈ ਜੰਗਲਾਂ ਨੂੰ ਅਲਵਿਦਾ ਕਹਿਣੀ ਪੈ ਗਈ। ਇਨ੍ਹਾਂ ਵਿਚੋਂ ਪੂਛ ਰਹਿਤ ਬਾਂਦਰਾਂ ਦੀਆਂ ਕੁਝ ਕਿਸਮਾਂ ਨੇ ਆਪਣੇ ਆਪ ਨੂੰ ਦੋਹਾਂ ਪੈਰਾਂ ਉੱਤੇ ਚੱਲਣ ਦੇ ਸਮਰੱਥ ਬਣਾ ਲਿਆ। ਲਗਭਗ ਇੱਕ ਕਰੋੜ ਸੱਠ ਲੱਖ ਵਰ੍ਹੇ ਪਹਿਲਾਂ ਇਸ ਤਰ੍ਹਾਂ ਮਨੁੱਖ ਹੋਂਦ ਵਿਚ ਆ ਗਿਆ।

**? ਸੁਣਿਐ ਕਿ ਗਰਮ ਦ੍ਰਵ ਅਗਰ ਸਾਡੇ ਸਰੀਰ ਤੇ ਪੈ ਜਾਵੇ ਤਾਂ ਛਾਲੇ ਪੈ ਜਾਂਦੇ ਹਨ। ਪਰ ਕਈ ਚਾਹ ਪੀਣ ਵਾਲੇ ਲਹਿੰਦੀ ਲਹਿੰਦੀ ਗਰਮ ਚਾਹ ਵੀ ਪੀ ਜਾਂਦੇ ਹਨ। ਅਜਿਹਾ ਕਿਉਂ ਹੁੰਦਾ ਹੈ ਅਤੇ ਕਿਵੇਂ ਹੈ।**

ਜਦੋਂ ਸਾਡੀ ਚਮੜੀ ਕਿਸੇ ਗਰਮ ਚੀਜ਼ ਨਾਲ ਛੂੰਹਦੀ ਹੈ ਤਾਂ ਸਾਡੇ ਸਰੀਰ ਵਿਚੋਂ ਉਹਨਾਂ ਸੈੱਲ ਨੂੰ ਬਚਾਉਣ ਲਈ ਪਾਣੀ ਭੇਜਿਆ ਜਾਂਦਾ ਹੈ। ਪਰ ਜਦੋਂ ਕੋਈ ਵਿਅਕਤੀ ਵਾਰ-ਵਾਰ ਆਪਣੀ ਚਮੜੀ ਗਰਮ ਚੀਜ਼ ਦੇ ਸੰਪਰਕ ਵਿੱਚ ਲਿਆਉਂਦਾ ਹੈ ਤੇ ਉਹ ਉਸ ਗਰਮੀ ਨੂੰ ਬਰਦਾਸ਼ਤ ਕਰਨ ਦੇ ਯੋਗ ਬਣ ਜਾਂਦੀ ਹੈ।

## ਸੰਪਾਦਕ ਦੀ ਡਾਕ

ਮਾਨਯੋਗ ਸੰਪਾਦਕ ਜੀ,
ਨਮਸਕਾਰ

28 ਮਈ ਅੰਕ ਦੇ ਦੇਸ਼ ਦੋਆਬਾ ਵਿੱਚ ਸ਼੍ਰੀ ਪ੍ਰੀਤਮ ਲੁਧਿਆਣਵੀ ਵਲੋਂ ਮੇਰੇ ਬਾਰੇ ਲਿਖਿਆ ਲੇਖ ਪੜ੍ਹਿਆ। ਉਨ੍ਹਾਂ ਬਹੁਤ ਵਧੀਆ ਪੇਸ਼ਕਾਰੀ ਕੀਤੀ ਹੈ। 4 ਜੂਨ ਦੇ ਅੰਕ ਵਿੱਚ ਮੇਰੀ ਗ਼ਜ਼ਲ ਨੂੰ ਜੋ ਥਾਂ ਦਿਤੀ ਹੈ ਮੈਂ ਅਦਾਰਾ ਦੇਸ਼ ਦੋਆਬਾ ਦਾ ਧੰਨਵਾਦੀ ਹਾਂ।

– ਕਸ਼ਮੀਰ ਘੇਸਲ
ਚੰਡੀਗੜ੍ਹ

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਨਿਲ ਜੋਸ਼ੀ ਨੂੰ ਜੇਤਲੀ ਨਾਲ ਏਮਜ਼ ਦਾ ਮਾਮਲਾ ਉਠਾਉਣ ਦੀ ਅਪੀਲ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਨੇ ਸਥਾਨਕ ਸਰਕਾਰ ਤੇ ਮੈਡੀਕਲ ਐਜੂਕੇਸ਼ਨ ਮੰਤਰੀ ਸ੍ਰੀ ਅਨਿਲ ਜੋਸ਼ੀ ਨੂੰ ਅਪੀਲ ਕੀਤੀ ਹੈ ਕਿ ਉਹ ਏਮਜ਼ ਨੂੰ ਅੰਮ੍ਰਿਤਸਰ ਵਿਚ ਲਾਉਣ ਲਈ ਕੇਂਦਰੀ ਖ਼ਜਾਨਾ ਮੰਤਰੀ ਸ੍ਰੀ ਅਰੁਣ ਜੇਤਲੀ ਨਾਲ ਨਿਜੀ ਤੌਰ 'ਤੇ ਸੰਪਰਕ ਕਰਨ ਦੀ ਖੇਚਲ ਕਰਨ।ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਜੋਸ਼ੀ ਨੂੰ ਲਿਖੇ ਪਤਰ ਵਿਚ ਇੰਡੀਅਨ ਇਸਟੀਚਿਊਟ ਆਫ ਮੈਨੇਜਮੈਂਟ (ਆਈ. ਆਈ. ਐਮ.) ਨੂੰ ਅੰਮ੍ਰਿਤਸਰ ਵਿਖੇ ਲਾਉਣ ਸੰਬੰਧੀ ਸ੍ਰੀ ਜੇਤਲੀ ਨੂੰ ਮਿਲਣ ਦੀ ਸ਼ਲਾਘਾ ਕਰਦੇ ਹੋਏ ਏਮਜ਼ ਦੇ ਮਾਮਲੇ ਵਿਚ ਵੀ ਅਗੇ ਆਉਣ ਦੀ ਬੇਨਤੀ ਕੀਤੀ ਹੈ।ਲੋਕ ਸਭਾ ਚੋਣਾਂ ਸਮੇਂ 2 ਅਪ੍ਰੈਲ 2014 ਨੂੰ ਸ੍ਰੀ ਅਰੁਣ ਜੇਤਲੀ ਜੋ ਕਿ ਉਸ ਸਮੇਂ ਲੋਕ ਸਭਾ ਦੀ ਅੰਮ੍ਰਿਤਸਰ ਸੀਟ ਤੋਂ ਚੋਣ ਲੜ ਰਹੇ ਸਨ ਨੇ ਕਿਹਾ ਸੀ ਕਿ ਅੰਮ੍ਰਿਤਸਰ ਲਈ ਸਿਹਤ ਸੇਵਾਵਾਂ ਲਈ ਬਹੁਤ ਕੁਝ ਕਰਨ ਦੀ ਲੋੜ ਹੈ ਤੇ ਵਾਅਦਾ ਕੀਤਾ ਸੀ ਕਿ ਹਰ ਸੂਬੇ ਵਿਚ ਏਮਜ਼ ਲਾਉਣ ਦੀ ਲੋੜ ਹੈ ਤੇ ਪੰਜਾਬ ਵਿਚ ਸਭ ਤੋਂ ਵਧੀਆ ਸਥਾਨ ਅੰਮ੍ਰਿਤਸਰ ਹੈ ਕਿਉਂਕਿ ਇਥੇ ਸਭ ਤੋਂ ਪੁਰਾਣਾ ਮੈਡੀਕਲ ਕਾਲਜ ਅੰਮ੍ਰਿਤਸਰ ਹੈ। ਪਰ ਪੰਜਾਬ ਸਰਕਾਰ ਨੇ ਪਿਛਲੇ ਸਾਲ ਪੰਜਾਬ ਨੂੰ ਮਿਲੇ ਏਮਜ਼ ਨੂੰ ਲਾਉਣ ਲਈ ਜਿਹੜੀਆਂ ਤਿੰਨ ਥਾਵਾਂ ਕੇਂਦਰ ਨੂੰ ਭੇਜੀਆਂ ਉਸ ਵਿਚ ਅੰਮ੍ਰਿਤਸਰ ਦਾ ਨਾਂ ਨਹੀਂ ਸੀ। ਹੁਣ ਕੇਂਦਰੀ ਮੰਤਰੀ ਸ੍ਰੀ ਮਤੀ ਹਰਸਿਮਰਤ ਕੌਰ ਬਾਦਲ ਏਮਜ਼ ਨੂੰ ਆਪਣੇ ਹਲਕੇ ਬਠਿੰਡੇ ਵਿਚ ਲਾਉਣ ਲਈ ਜ਼ੋਰ ਲਾ ਰਹੇ ਹਨ।

ਪੰਜਾਬ ਸਰਕਾਰ ਦੀ ਹਮੇਸ਼ਾ ਹੀ ਨੀਤੀ ਰਹੀ ਹੈ ਕਿ ਜਿਹੜੇ ਵੀ ਪ੍ਰੋਟੈਕਟ ਕੇਂਦਰ ਤੋਂ ਆਉਣ ਉਨ੍ਹਾਂ ਨੂੰ ਮੁਹਾਲੀ, ਬਠਿੰਡਾ ਜਾਂ ਮਾਲਵੇ ਦੇ ਕਿਸੇ ਖੇਤਰ ਵਿਚ ਲਾਇਆ ਜਾਵੇ। ਹੈਰਾਨੀ ਇਸ ਗੱਲ ਦੀ ਹੈ ਕਿ ਬੀ ਜੇ ਪੀ ਦਾ ਕੋਈ ਵੀ ਆਗੂ ਇਸ ਵਿਤਕਰੇ ਪ੍ਰਤੀ ਆਪਣੀ ਆਵਾਜ਼ ਉਠਾਉਣ ਦੀ ਹਿੰਮਤ ਨਹੀਂ ਕਰਦਾ।7 ਜੂਨ 2015 ਨੂੰ ਨਾਭੇ ਤੋਂ ਪੰਜਾਬ ਭਾਜਪਾ ਦੇ ਸਕੱਤਰ ਡਾ. ਸੁਭਾਸ਼ ਸ਼ਰਮਾ ਦੇ ਹਵਾਲੇ ਨਾਲ ਖਬਰਾਂ ਲੱਗੀਆਂ ਹਨ ਕਿ ਭਾਜਪਾ ਵੱਲੋਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅਕਾਲੀ ਦਲ ਨਾਲ ਮਿਲ ਕੇ ਲੜਨ ਦੀ ਥਾਂ ਇਕੱਲਿਆਂ ਹੀ ਲੜੀਆਂ ਜਾ ਸਕਦੀਆਂ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਭਾਜਪਾ ਜਨਤਕ ਮਸਲਿਆਂ ਪ੍ਰਤੀ ਲੋਕ ਪੱਖੀ ਨੀਤੀ ਅਪਣਾਏ ਤੇ ਗੁਰੂ ਦੀ ਨਗਰੀ ਦੇ ਵਿਕਾਸ ਲਈ ਅਗੇ ਆਵੇ।

# ਵੈਲਫੇਅਰ ਸੁਸਾਇਟੀ ਵੱਲੋਂ ਸਾਹਿਬਾ ਵਿਖੇ ਮੁਫਤ ਕੋਚਿੰਗ ਸ਼ੁਰੂ

ਸੜੋਆ- ਸ਼੍ਰੀ ਗੁਰੁ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵੱਲੋ ਪੰਜਾਬ ਸਰਕਾਰ ਵੱਲੋ ਮਾਈ ਭਾਗੋ ਆਰਮਡ ਫੋਰਸ ਪ੍ਰੋਵੇਸ਼ਨਰੀ ਇੰਸਟੀਚਿਊਟ ਮੋਹਾਲੀ ਵੱਲੋ ੧੩ ਜੂਨ ਨੂੰ ਲਈ ਜਾ ਰਹੀ ਪ੍ਰਵੇਸ਼ ਪ੍ਰੀਖਿਆ ਲਈ ਡਾ.ਅੰਬੇਡਕਰ ਭਵਨ ਸਾਹਿਬਾ ਵਿਖੇ ਵਿਦਿਆਰਥਣਾਂ ਲਈ ਮੁਫਤ ਕੋਚਿੰਗ ਦਿਤੀ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਨਰਿੰਦਰ ਬੇਗਮਪੁਰੀ ਅਤੇ ਸ਼੍ਰੀ ਜਗਮੋਹਣ ਨੌਰਦ ਨੇ ਦੱਸਿਆ ਕਿ ਇਸ ਮੁਫਤ ਕੋਚਿੰਗ ਵਿਚ ਵੱਖ-ਵੱਖ ਪਿੰਡਾਂ ਦੀਆਂ ਵਿਦਿਆਰਥਣਾਂ ਸਵੇਰੇ 9 ਵਜੇ ਤੋ 11 ਵਜੇ ਤੱਕ ਮੁਫਤ ਕੋਚਿੰਗ ਲੈ ਰਹੀਆ ਹਨ। ਉਨਾ ਸਮੂੰਹ ਵਿਦਿਆਰਥੀਨਾਂ ਜਿਹੜੀਆਂ ਮਾਈ ਭਾਗੋ ਆਰਮਡ ਫੋਰਸ ਲਈ 13 ਜੂਨ ਨੂੰ ਪ੍ਰਵੇਸ਼ ਪ੍ਰੀਖਿਆ ਵਿਚ ਸ਼ਾਮਿਲ ਹੋ ਰਹੀਆਂ ਹਨ,ਇਸ ਮੁਫਤ ਕੋਚਿੰਗ ਦਾ ਲਾਭ ਉਠਾਉਣ ਦਾ ਖੁੱਲਾ ਸੱਦਾ ਦਿੱਤਾ ਜਾ ਰਿਹਾ ਹੈ।ਕੋਚਿੰਗ ਨੂੰ ਸਫਲ ਬਣਾਉਣ ਵਿਚ ਸਹਿਯੋਗ ਦੇਣ ਵਾਲਿਆ ਵਿਚ ਸ਼੍ਰੀ ਅਜੀਤ ਰਾਮ ਖੇਤਾਨ ਤੇ ਸ਼੍ਰੀ ਨਾਜਰ ਰਾਮ ਮਾਨ ਦੋਵੇ ਸਾਬਕਾ ਜਿਲਾ ਸਿੱਖਿਆ ਅਫਸਰ, ਲੈਕਚਰਾਰ ਰਜਿੰਦਰ ਕੁਮਾਰ, ਲੈਕਚਰਾਰ ਲੈਂਬਰ ਰਾਮ, ਰਾਜ ਕੁਮਾਰ ਮਾਲੇਵਾਲ, ਬਲਵਿੰਦਰ ਸਿੰਘ ਨਾਨੋਵਾਲ, ਗੁਰਬਖਸ਼ ਲਾਲ ਆਲੋਵਾਲ, ਮਨਜੀਤ ਗੰਗੜ, ਸ਼ਿਵ ਕੁਮਾਰ ਬਛੌੜੀ, ਬਲਦੇਵ ਸੜੋਆ, ਚਰਨਜੀਤ ਆਲੋਵਾਲ, ਜੋਗਿੰਦਰ ਸਿੰਘ ਅਟਾਲ ਮਜਾਰਾ, ਰਵਿੰਦਰ ਕੁਮਾਰ ਲਾਲੀ, ਮਾ: ਚੰਨਣ ਰਾਮ ਸੁਨਿਆਰਾ, ਹੰਸ ਰਾਜ ਡਾਕਟਰ, ਪ੍ਰਿਸੀਪਲ ਪ੍ਰੇਮ ਕੁਮਾਰ ਸਾਹਿਬਾ ਆਦਿ ਵੀ ਹਾਜਰ ਸਨ।

# ਭਿੰਡਰਾਂਵਾਲਾ ਪੋਸਟਰ ਵਿਵਾਦ
# ਸੂਬਾ ਸਰਕਾਰ ਨੇ ਲਿਆ ਅਹਿਮ ਫੈਸਲਾ

ਜੰਮੂ- ਜੰਮੂ-ਕਸ਼ਮੀਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੋਸਟਰ ਹਟਾਉਣ ਕਾਰਨ ਪੈਦਾ ਹੋਏ ਤਣਾਅ ਅਤੇ ਪੁਲਸ ਦੀ ਗੋਲੀਬਾਰੀ ਵਿਚ ਇਕ ਸਿੱਖ ਨੌਜਵਾਨ ਦੇ ਮਾਰੇ ਜਾਣ ਦੀ ਘਟਨਾ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਵੱਡਾ ਫੈਸਲਾ ਲਿਆ ਹੈ।

ਸੂਬਾ ਸਰਕਾਰ ਨੇ ਜੰਮੂ ਦੇ ਸੀਨੀਅਰ ਪੁਲਸ ਅਧਿਕਾਰੀ (ਐਸ. ਐਸ. ਪੀ.) ਦਾ ਤਬਾਦਲਾ ਕਰਨ ਅਤੇ ਥਾਣਾ ਮੁਖੀ (ਐਸ. ਐਚ. ਓ.) ਨੂੰ ਸਸਪੈਂਡ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਹੈ। ਸਰਕਾਰ ਨੇ ਨਾਲ ਹੀ ਪੀੜਤ ਦੇ ਪਰਿਵਾਰ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕਰਨ ਨਾਲ ਜੰਮੂ ਦੇ ਡਵੀਜ਼ਨ ਕਮਿਸ਼ਨਰ ਪਵਨ ਕੋਤਵਾਲ ਦੀ ਅਗਵਾਈ ਵਿਚ ਮਾਮਲੇ ਦੀ ਮੈਜਿਸਟ੍ਰੇਟ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਦੇਰ ਰਾਤ ਐਸ. ਐਸ. ਪੀ. ਉੱਤਮ ਚੰਦ ਦੇ ਤਬਾਦਲੇ ਅਤੇ ਐਸ. ਐਸ. ਓ. ਸਤਵਾੜੀ ਕੁਲਬੀਰ ਚੌਧਰੀ ਨੂੰ ਸਸਪੈਂਡ ਕਰਨ ਦਾ ਹੁਕਮ ਦਿੱਤਾ। ਇਹ ਸਾਰੇ ਫੈਸਲੇ ਬੀਤੀ ਰਾਤ ਨੂੰ ਇਕ ਉੱਚ ਪੱਧਰੀ ਬੈਠਕ ਵਿਚ ਲਏ ਗਏ, ਜਿਸ ਵਿਚ ਗ੍ਰਹਿ ਸਕੱਤਰ ਆਰ. ਕੇ. ਗੋਇਲ, ਜੰਮੂ ਦੇ ਡਵੀਜ਼ਨ ਕਮਿਸ਼ਨਰ, ਸੂਬਾ ਪੁਲਸ ਦੇ ਪੁਲਸ ਜਨਰਲ ਡਾਇਰੈਕਟਰ ਅਤੇ ਸਿੱਖ ਸੰਗਠਨ ਦੇ ਕਈ ਮੈਂਬਰ ਸ਼ਾਮਲ ਹੋਏ ਸਨ।

# ਮੋਦੀ ਸਰਕਾਰ ਨੇ ਸਰਵਿਸ ਟੈਕਸ 'ਚ ਵਾਧਾ ਕਰਕੇ ਦੇਸ਼ ਵਾਸੀਆਂ ਦੇ ਨਹੀਂ ਆਪਣੇ ਅੱਛੇ ਦਿਨ ਲਿਆਉਣ ਦਾ ਪ੍ਰਬੰਧ ਕੀਤਾ- ਲੱਖਪੁਰ

ਫਗਵਾੜਾ (ਬੀ. ਕੇ. ਰੱਤੂ)- "ਅੱਛੇ ਦਿਨ ਆਉਣਗੇ" ਦੇ ਸੁਪਨੇ ਦਿਖਾਉਣ ਵਾਲੀ ਕੇਂਦਰ ਦੀ ਮੋਦੀ ਸਰਕਾਰ ਨੇ ਸਰਵਿਸ ਟੈਕਸ 'ਚ ਵਾਧਾ ਕਰਕੇ ਦੇਸ਼ ਵਾਸੀਆਂ ਦੇ ਨਹੀਂ ਆਪਣੇ ਅੱਛੇ ਦਿਨ ਲਿਆਉਣ ਦਾ ਪ੍ਰਬੰਧ ਕਰ ਲਿਆ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਮਲ ਲੱਖਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਲੱਖਪੁਰ ਨੇ ਕਿਹਾ ਕਿ ਸਰਵਿਸ ਟੈਕਸ ਵੱਧਣ ਨਾਲ ਦੇਸ਼ ਵਾਸੀਆਂ ਨੂੰ ਹਰੇਕ ਚੀਜ਼ ਮਹਿੰਗੀ ਮਿਲੇਗੀ, ਜਿਸ ਨਾਲ ਹਰੇਕ ਆਦਮੀ ਦੀ ਜੇਭ 'ਤੇ ਡਾਕਾ ਪਏਗਾ। ਉਨ੍ਹਾਂ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਸਰਵਿਸ ਟੈਕਸ 'ਚ ਵਾਧਾ ਕਰਨ ਦਾ ਮਤਲਬ ਮਹਿੰਗਾਈ 'ਚ ਵਾਧਾ ਤੇ ਖਜਾਨੇ ਨੂੰ ਭਰਨਾ ਹੈ। ਲੱਖਪੁਰ ਨੇ ਕਿਹਾ ਕਿ ਪਹਿਲਾ ਹੀ ਮਹਿੰਗਾਈ ਨੇ ਦੇਸ਼ ਵਾਸੀਆਂ ਦਾ ਜਿਊਣਾ ਮੁਸ਼ਕਲ ਕੀਤਾ ਹੋਇਆ ਹੈ। ਕੇਂਦਰ ਸਰਕਾਰ ਮੀਡੀਆ 'ਚ ਲੋਕਾਂ ਨੂੰ ਸਹੂਲਤਾਂ ਦੇਣ ਦੇ ਵਾਅਦੇ ਕਰਦੀ ਹੈ, ਜਦਕਿ ਅਸਲੀਅਤ ਵਿੱਚ ਆਏ ਦਿਨ ਜਨਤਾ 'ਤੇ ਕਿਸੇ ਨਾ ਕਿਸੇ ਤਰੀਕੇ ਬੋਝ ਪਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਹਿੰਦੀ ਕੁਝ ਹੈ 'ਤੇ ਕਰਦੀ ਕੁਝ ਹੈ।ਅੱਛੇ ਦਿਨਾਂ ਦੇ ਸੁਪਨੇ ਦੇਖਣ ਵਾਲੀ ਦੇਸ਼ ਦੀ ਜਨਤਾ ਨੂੰ ਹੁਣ ਸੁਪਨੇ ਟੁੱਟਦੇ ਨਜ਼ਰ ਆ ਰਹੇ ਹਨ। ਲੱਖਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਸਰਵਿਸ ਟੈਕਸ 'ਚ ਕੀਤਾ ਵਾਧਾ ਤਰੁੰਤ ਵਾਪਸ ਲਵੇ ਨਹੀਂ ਤਾਂ ਵਿਰੋਧ ਲਈ ਤਿਆਰ ਰਹੇ। ਇਸ ਮੌਕੇ ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਪਾਲ ਚੰਦ ਕੰਦੋਲਾ, ਪ੍ਰਵੀਨ ਪਾਲ, ਡਾ.ਨਰੇਸ਼ ਬਿੱਟੂ, ਪ੍ਰਨੀਸ਼ ਬੰਗਾ, ਹਰਵਿੰਦਰ ਸੈਣੀ, ਕਮਲ ਦੁੱਗਾਂ, ਸੋਨੂੰ ਮੇਹਲੀ, ਲਵਪ੍ਰੀਤ ਬੌਬੀ, ਸਰਬਜੀਤ ਬੰਗਾ, ਗਣਪਤ ਬਿੱਟੂ, ਅਸ਼ੋਕ ਕੁਮਾਰ, ਅਮਰਜੀਤ ਨਿੱਕਾ, ਸ਼ਿਵ ਕੁਮਾਰ, ਪ੍ਰਸ਼ਾਤ ਰੱਤੂ, ਪ੍ਰੇਮ ਚੋਪੜਾ ਆਦਿ ਹਾਜ਼ਰ ਸਨ।



# ਡੀ ਐਮ ਨੂੰ ਮੰਗ ਪੱਤਰ ਸੌਂਪਿਆ

ਗੋਰਖਪੁਰ- ਮਦਰਾਸ ਆਈ ਆਈ ਟੀ ਦੁਆਰਾ ਅੰਬੇਦਕਰ ਪੇਰੀਆਰ ਸਟੱਡੀ ਸਰਕਲ ਤੇ ਪਾਬੰਦੀ ਹਟਾਉਣ ਨੂੰ ਲੈ ਕੇ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਮਿਡਲ ਸਿੱਖਿਆ ਵੈਲਫੇਅਰ ਐਸੋਸੀਏਸ਼ਨ ਨੇ ਰਾਸ਼ਟਰਪਤੀ ਦੇ ਨਾਂ ਸੰਬੋਧਿਤ ਮੰਗ ਪੱਤਰ ਜ਼ਿਲ੍ਹਾ ਅਧਿਕਾਰ ਨੂੰ ਸੌਂਪਿਆ।

ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਮਨੁੱਖੀ ਸਰੋਤ ਮੰਤਰਾਲੇ ਦੇ ਇਸ਼ਾਰੇ ਤੇ ਆਈ ਆਈ ਟੀ ਪ੍ਰਸ਼ਾਸਨ ਦੀ ਇਹ ਕਾਰਵਾਈ ਲੋਕਤੰਤਰ ਦੀ ਭਾਵਨਾ ਨੂੰ ਠੇਸ ਪਹੁੰਚਾ ਰਹੀ ਹੈ। ਐਸੋਸੀਏਸ਼ਨ ਨੇ ਰਾਸ਼ਟਰਪਤੀ ਤੋਂ ਇਸ ਪਾਬੰਦੀ ਨੂੰ ਰੱਦ ਕਰਨ ਦੀ ਮੰਗ ਕੀਤੀ।

ਇਸ ਮੌਕੇ ਤੇ ਪ੍ਰਦੇਸ਼ ਪ੍ਰਧਾਨ ਰਾਮਪ੍ਰਤਾਪ ਰਾਮ, ਪ੍ਰਦੇਸ਼ ਉਪ ਪ੍ਰਧਾਨ ਅਜੈ ਚੌਧਰੀ, ਪ੍ਰਦੇਸ਼ ਖਜ਼ਾਨਾ ਪ੍ਰਧਾਨ ਸੁਭਾਸ਼ ਗੌਤਮ, ਜ਼ਿਲ੍ਹਾ ਮੰਤਰੀ ਮਹਿੰਦਰ ਕੁਮਾਰ ਗੌਤਮ, ਭੀਸ਼ਮ ਪ੍ਰਸਾਦ, ਅਭੈ ਕੁਮਾਰ, ਅਸ਼ੋਕ ਕੁਮਾਰ, ਅਤੁਲ ਕੁਮਾਰ, ਡਾ. ਸਤੀਸ਼ ਰਾਣਾ, ਛੋਟੇ ਲਾਲ ਭਾਰਤੀ, ਜਤਿੰਦਰ ਕੁਮਾਰ, ਭਗਵਾਨ ਦਾਸ, ਰਾਮਜੀ ਬਾਗੀ, ਦਿਆਰਾਮ ਜੈਸਵਾਲ, ਬੰਗਾਲੀ ਪ੍ਰਸਾਦ, ਰਾਮ ਆਸਰਾ, ਰਿਸ਼ੀ ਗੌਤਮ ਅਤੇ ਸੰਤੋਸ਼ ਕੁਮਾਰ ਆਦਿ ਮੌਜੂਦ ਸਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price
Kashmir S. Thandi
Office: (866) 933-3038
Balhar S. Ranu
Cell: 916-502-7733
Yuba City Ph: 530-419-5058
1816 Main Ave., Secramento CA, 95838





ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਪਹਿਲਾ ਕੌਮਾਂਤਰੀ ਯੋਗਾ ਦਿਵਸ ਮਨਾਵੇਗਾ ਭਾਰਤੀ ਕੌਂਸਲੇਟ ਜਨਰਲ ਸਾਨਫਰਾਂਸਿਸਕੋ

ਸਾਨ ਫਰਾਂਸਿਸਕੋ- ਸੰਯੁਕਤ ਰਾਸ਼ਟਰ ਦੁਆਰਾ 21 ਜੂਨ ਨੂੰ ਕੌਮਾਂਤਰੀ ਯੋਗਾ ਦਿਵਸ ਵਜੋਂ ਐਲਾਨ ਕੀਤੇ ਜਾਣ ਤੋਂ ਬਾਅਦ ਪਹਿਲੀ ਵਾਰ ਭਾਰਤੀ ਕੌਂਸਲੇਟ ਜਨਰਲ ਸਾਨ ਫਰਾਂਸਿਸਕੋ ਵੱਲੋਂ ਇਸ ਦਿਨ ਨੂੰ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਕੌਮਾਂਤਰੀ ਯੋਗਾ ਦਿਵਸ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਸਫਲ ਹੋ ਸਕਿਆ ਹੈ। ਨਰਿੰਦਰ ਮੋਦੀ ਨੇ ਪਿਛਲੇ ਸਾਲ ਸੰਯੁਕਤ ਰਾਸ਼ਟਰ ਅਸੈਂਬਲੀ ਵਿਚ ਇਹ ਮੁੱਦਾ ਉਠਾਇਆ ਸੀ। ਭਾਰਤ ਵਿਚ ਯੋਗਾ ਸਦੀਆਂ ਤੋਂ ਬਚਦਾ ਆਇਆ ਹੈ ਅਤੇ ਇਸ ਦਾ ਸਬੰਧ ਸਰੀਰ, ਮਨ, ਵਿਚਾਰ ਅਤੇ ਸੰਜਮ/ਤੰਦਰੁਸਤੀ ਨਾਲ ਜੁੜਿਆ ਹੈ। ਭਾਰਤੀ ਕਾਂਸਲੇਟ ਜਨਰਲ ਵੱਲੋਂ ਮੀਡੀਆ ਨੂੰ ਜਾਰੀ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਕਿ ਕਈ ਸਹਿਯੋਗੀ ਸੰਸਥਾਵਾਂ ਜਿਵੇਂ ਕਿ ਬ੍ਰਹਮ ਕੁਮਾਰੀ, ਈਸ਼ਾ ਫਾਊਂਡੇਸ਼ਨ, ਈਂਗਰ ਯੋਗਾ, ਨਿਰੋਗਾ ਓਵਰਸੀਜ਼ ਵਾਰੰਟੀਅਰ ਆਦਿ ਮਿ ਕੇ 21 ਜੂਨ ਨੂੰ ਮੈਰਿਨਾ ਗ੍ਰੀਨ ਪਾਰਕ, ਮੈਰਿਨਾ ਬੁਲੇਵਾਰਡ ਸੈਨ ਫਰਾਂਸਿਸਕੋ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 2.30 ਵਜੇ ਤੱਕ ਵਿਸ਼ਾਲ ਸਮਾਰੋਹ ਵਿਚ ਕੌਮਾਂਤਰੀ ਯੋਗਾ ਦਿਵਸ ਮਨਾਇਟਾ ਜਾਵੇਗਾ। ਇਸ ਮੌਕੇ ਉਹਨਾਂ ਭਾਰਤੀ ਮੂਲ ਦੇ ਭਾਈਚਾਰੇ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਇਸ ਦਿਨ ਸਮਾਂ ਕੱਢ ਕੇ ਸਮਾਗਮ ਵਿਚ ਜ਼ਰੂਰ ਸ਼ਾਮਲ ਹੋਵੋ। ਸਮਾਗਮ ਵਿਚ ਸ਼ਾਮਲ ਹੋਣ ਲਈ ਐਂਟਰੀ ਮੁਫਤ ਹੋਵੇਗੀ।

# ਬਲਵਿੰਦਰ ਕੁਮਾਰ ਬਣੇ ਬਸਪਾ ਦੇ ਮਹਾਨਗਰ ਜਲੰਧਰ ਇੰਚਾਰਜ

ਫਗਵਾੜਾ (ਬੀ.ਕੇ.ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਨੌਜਵਾਨ ਆਗੂ ਬਲਵਿੰਦਰ ਕੁਮਾਰ ਨੂੰ ਪਾਰਟੀ ਦਾ ਮਹਾਨਗਰ ਜਲੰਧਰ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ, ਪੰਜਾਬ ਇੰਚਾਰਜ ਸ੍ਰੀ ਨਰਿੰਦਰ ਕਸ਼ਯਪ ਅਤੇ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਵਲੋਂ ਕੀਤੀ ਗਈ ਹੈ। ਐਤਵਾਰ ਨੂੰ ਪਾਰਟੀ ਦੀ ਇਕ ਮੀਟਿੰਗ ਦੌਰਾਨ ਸ੍ਰੀ ਕਸ਼ਯਪ ਤੇ ਸ. ਕਰੀਮਪੁਰੀ ਨੇ ਇਸਦਾ ਐਲਾਨ ਕੀਤਾ।

ਮਹਾਨਗਰ ਜਲੰਧਰ ਸ਼ਹਿਰੀ ਦੇ ਨਵਨਿਯੁਕਤ ਇੰਚਾਰਜ ਬਲਵਿੰਦਰ ਕੁਮਾਰ ਜਲੰਧਰ ਸ਼ਹਿਰੀ ਦੇ ਕੋਆਰਡੀਨੇਟਰਾਂ ਨਾਲ ਪਾਰਟੀ ਦੇ ਸੰਗਠਨ ਦਾ ਕੰਮ ਦੇਖਣਗੇ। ਇਸਦੇ ਨਾਲ-ਨਾਲ ਉਹ ਬਸਪਾ ਦੇ ਸੂਬਾ ਮੀਡੀਆ ਇੰਚਾਰਜ ਦੀ ਜਿੰਮੇਵਾਰੀ ਵੀ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹਿਣਗੇ। ਮਹਾਨਗਰ ਜਲੰਧਰ ਸ਼ਹਿਰੀ ਦੇ ਇੰਚਾਰਜ ਵਜੋਂ ਨਵੀਂ ਜਿੰਮੇਵਾਰੀ ਮਿਲਣ 'ਤੇ ਬਸਪਾ ਆਗੂ ਬਲਵਿੰਦਰ ਕੁਮਾਰ ਨੇ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਸੰਗਠਨ ਦੀ ਮਜਬੂਤੀ ਲਈ ਉਹ ਲਗਾਤਾਰ ਕੰਮ ਕਰਦੇ ਰਹਿਣਗੇ।



# ਰਾਹੁਲ ਨਾਲ ਮਿਲਣੀ ਵੀ ਨਾ ਬਚਾ ਸਕੀ ਕਿਸਾਨ ਦੀ ਜਾਨ

ਫਤਹਿਗੜ੍ਹ ਸਾਹਿਬ- ਜ਼ਿਲ੍ਹੇ ਦੇ ਪਿੰਡ ਦਾਦੂਮਾਜਰਾ ਵਿੱਚ ਅੱਜ ਸਵੇਰੇ ਵੇਲੇ ਇਕ ਕਿਸਾਨ ਸੁਰਜੀਤ ਸਿੰਘ ਪੁੱਤਰ ਭੀਮਾ ਸਿੰਘ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਖ਼ੁਦਕੁਸ਼ੀ ਦਾ ਕਾਰਨ ਉਸ ਸਿਰ ਚੜ੍ਹਿਆ ਕਰਜ਼ਾ ਅਤੇ ਬਾਰਸ਼ਾਂ ਕਾਰਨ ਫ਼ਸਲ ਦੀ ਹੋਈ ਬਰਬਾਦੀ ਦੱਸੀ ਜਾ ਰਹੀ ਹੈ। ਵਿਰੋਧੀ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਲਈ ਪੰਜਾਬ ਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਸੁਰਜੀਤ ਸਿੰਘ ਦੀ ਲਾਸ਼ ਸਿਵਲ ਹਸਪਤਾਲ ਫਤਹਿਗੜ੍ਹ ਸਾਹਿਬ ਵਿੱਚ ਪੋਸਟਮਾਰਟਮ ਮਗਰੋਂ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ।

ਮ੍ਰਿਤਕ ਦਾ ਦੇਰ ਸ਼ਾਮ ਪਿੰਡ ਦਾਦੂਮਾਜਰਾ ਵਿੱਚ ਸਸਕਾਰ ਕਰ ਦਿੱਤਾ ਗਿਆ। ਸਿਵਲ ਹਸਪਤਾਲ ਵਿੱਚ ਕਿਸਾਨ ਦੇ ਪੁੱਤਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸਿਰ 7 ਲੱਖ ਰੁਪਏ ਦਾ ਕਰਜ਼ਾ ਸੀ। ਪਹਿਲਾਂ ਜੀਰੀ ਦੀ ਫ਼ਸਲ ਗੜਿਆਂ ਨੇ ਤਬਾਹ ਕਰ ਦਿੱਤੀ ਤੇ ਇਸ ਵਾਰ ਹੋਈ ਬੇਮੌਸਮੀ ਬਰਸਾਤ ਨੇ ਉਨ੍ਹਾਂ ਦੀ ਕਣਕ ਦੀ ਫ਼ਸਲ ਵੀ ਬਰਬਾਦ ਕਰ ਦਿੱਤੀ, ਜਿਸ ਕਾਰਨ ਉਸ ਦਾ ਪਿਤਾ ਹਮੇਸ਼ਾ ਪ੍ਰੇਸ਼ਾਨ ਰਹਿੰਦਾ ਸੀ।

28 ਅਪਰੈਲ ਨੂੰ ਮੰਡੀਆਂ ਵਿੱਚ ਰੁਲ ਰਹੇ ਕਿਸਾਨਾਂ ਦੀ ਸਾਰ ਲੈਣ ਲਈ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਆਏ ਸਨ, ਉਨ੍ਹਾਂ ਦੇ ਪਿਤਾ ਨੇ ਸ੍ਰੀ ਗਾਂਧੀ ਨੂੰ ਵੀ ਆਪਣਾ ਦੁਖੜਾ ਦੱਸਿਆ ਸੀ। ਉਨ੍ਹਾਂ ਦੱਸਿਆ ਕਿ ਅੱਜ ਸਵੇਰੇ 9 ਵਜੇ ਦੇ ਕਰੀਬ ਉਸ ਦੇ ਪਿਤਾ ਨੇ ਕੋਈ ਜ਼ਹਿਰਿਲੀ ਦਵਾਈ ਨਿਗਲ ਲਈ ਤੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਲਿਆਂਦੇ ਹੋਏ ਰਾਹ ਵਿੱਚ ਹੀ ਸੁਰਜੀਤ ਸਿੰਘ ਦੀ ਮੌਤ ਹੋ ਗਈ। ਇਸ ਮੌਕੇ ਹਸਪਤਾਲ ਵਿੱਚ ਪੁੱਜੇ ਸਰਹਿੰਦ ਦੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਕਿਹਾ ਕਿ ਵਿਧਾਨ ਸਭਾ ਸੈਸ਼ਨ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਉਨ੍ਹਾਂ ਨੇ ਸਬੰਧਤ ਡੀਸੀਜ਼ ਨੂੰ ਫ਼ਸਲ ਖ਼ਰਾਬੇ ਦਾ ਸਰਵੇ ਕਰਕੇ ਗਿਰਦਾਵਰੀ ਕਰਵਾਉਣ ਹੁਕਮ ਜਾਰੀ ਕਰ ਦਿੱਤੇ ਹਨ, ਪਰ ਮੁੱਖ ਮੰਤਰੀ ਦੇ ਹੁਕਮ ਸਿਰਫ਼ ਕਾਗ਼ਜ਼ਾਂ ਤੱਕ ਹੀ ਸੀਮਤ ਰਹਿ ਗਏ। ਜੱਟ ਮਹਾਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਟਿਵਾਣਾ ਨੇ ਕਿਹਾ ਕਿ ਅੱਜ ਸੂਬਾ ਸਰਕਾਰ ਦੀ ਅਣਦੇਖੀ ਕਾਰਨ ਇੱਕ ਹੋਰ ਕਿਸਾਨ ਕਰਜ਼ੇ ਦੀ ਮਾਰ ਕਾਰਨ ਬਲੀ ਚੜ੍ਹ ਗਿਆ। ਬਾਜਵਾ ਵੱਲੋਂ ਪੀੜਤ ਪਰਿਵਾਰ ਨੂੰ 2 ਲੱਖ ਦੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਹੈ।

# ਇੰਡਸ ਵੈਲੀ ਚੈਂਬਰ ਆਫ ਕਾਮਰਸ ਦਾ ਰੰਗਾਰੰਗ ਪ੍ਰੋਗਰਾਮ ਸ਼ਾਨਦਾਰ ਰਿਹਾ

**ਸੈਕਰਾਮੈਂਟੋ (ਕਮਲ ਬੰਗਾ)-** ਬੀਤੇ ਸ਼ੁੱਕਰਵਾਰ ਸ਼ਾਮ ਨੂੰ ਇੰਡਸ ਵੈਲੀ ਅਮਰੀਕਨ ਚੈਂਬਰ ਆਫ ਕਾਮਰਸ ਗਰੁੱਪ ਨੇ ਵੈਸਟ ਸੈਕਰਾਮੈਂਟੋ (ਇੰਡੀਆ ਪਲੇਟ) ਰੈਸਟੋਰੈਂਟ 'ਚ ਪ੍ਰੋਗਰਾਮ ਕਰਵਾਇਆ, ਜਿਸ ਵਿਚ ਯੂਬਾ ਸਿਟੀ, ਸਟਾਕਟਨ, ਲੋਡਾਈ ਅਤੇ ਸੈਕਰਾਮੈਂਟੋ ਵੈਲੀ ਦੇ ਕੋਨੇ ਕੋਨੇ 'ਚੋਂ ਪਤਵੰਤੇ ਸੱਜਣ ਅਤੇ ਸਤਿਕਾਰਿਤ ਬੀਬੀਆਂ, ਬਿਜਨਸਮੈਨ, ਬੈਂਕਿੰਗ ਗਰੁੱਪ, ਰੀਅਲ ਅਸਟੇਟ ਗਰੁੱਪ, ਸਮੱਡ ਦੇ ਡਾਇਰੈਕਟਰ ਡੇਵ ਟਮਾਇਆ, ਰੌਜ਼ਰ ਡਿਕਸਨ, ਰਾਮ ਫੈਮਲੀ ਸੈਨਫਰਾਂਸਿਸਕੋ ਤੋਂ ਅਤੇ ਕਲਾਕਾਰਾਂ ਨੇ ਸ਼ਿਰਕਤ ਕੀਤੀ। ਚਾਹ ਪਾਣੀ ਤੋਂ ਬਾਅਦ ਡਾ. ਲਖਵਿੰਦਰ ਰੰਧਾਵਾ ਨੇ ਆਏ ਹੋਏ ਕਲਾਕਾਰਾਂ ਬਾਰੇ ਭਰਪੂਰ ਜਾਣਕਾਰੀ ਦੇ ਕੇ ਸਭ ਤੋਂ ਪਹਿਲਾਂ ਚਾਈਨੀਜ਼ ਯੰਗ ਕੁੜੀਆਂ ਦੇ ਦੋ ਗਰੁੱਪਾਂ ਨੂੰ ਸੱਦਾ ਦਿੱਤਾ।

ਕੁੜੀਆਂ ਨੇ ਜਿਵੇਂ ਤਪਲੇ ਤੇ ਹਾਲੀਵੁੱਡ ਡਾਂਸ ਕਰਦੇ ਹਨ, ਉਸੇ ਤਰ੍ਹਾਂ ਵਧੀਆ ਪ੍ਰਫਾਰਮੈਂਸ ਪੇਸ਼ ਕਰਕੇ ਵਾਹਵਾ ਖੱਟੀ। ਇਸ ਉਪਰੰਤ ਜਨਰਲ ਸੈਕਟਰੀ ਸੁਖਚੈਨ ਸਿੰਘ, ਇਕਬਾਲ ਵਡਵਾਲ, ਕਮਲ ਜੱਜ, ਪ੍ਰਮਿੰਦਰ ਸੁੱਖ ਵਾਰੀ ਵਾਰੀ ਕਲਾਕਾਰਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੱਖ ਵੱਖ ਸ਼ਖਸੀਅਤਾਂ ਨੂੰ ਪੋਡੀਅਮ 'ਚ ਸੱਦ ਕੇ ਲੋਕਾਂ ਦੇ ਸਨਮੁਖ ਕਰਦੇ ਰਹੇ। ਚੈਂਬਰ ਵੱਲੋਂ ਏਜੰਡੇ 'ਚ ਅਤੇ ਜ਼ਬਾਨੀ ਵੀ ਪੰਜਾਬ ਮੇਲ ਯੂ. ਐਸ ਏ., ਇੰਡੋ ਅਮਰੀਕਨ ਪੰਜਾਬੀ ਨਿਊਜ਼ ਦਾ ਜ਼ਿਕਰ ਕੀਤਾ। ਬਾਕੀ ਚੈਂਬਰ ਨੇ ਦੋ ਸਾਲਾਂ ਲਈ ਬੋਰਡ ਆਫ ਟਰੱਸਟੀ ਅਤੇ ਪ੍ਰਧਾਨ ਪਵਿੱਤਰ ਨਾਹਲ ਨੂੰ ਚੁਣਿਆ।

ਬਾਕੀ ਸੈਨਵਾਲ ਮਾਈਕ, ਪੰਮੀ ਮਾਨ, ਪੂਨਮ ਮਲਹੋਤਰਾ, ਕਿਸ਼ੋਰ ਜੂਨੀਅਰ ਅਤੇ ਹਕੀਤ ਸਿੰਘ ਹੁਰਾਂ ਪੰਜਾਬੀ ਤੇ ਹਿੰਦੀ ਗੀਤਾਂ ਦੀ ਛਹਿਬਰ ਲਾ ਦਿੱਤੀ। ਮਿਸ ਡਾਈਵ ਨੇ ਵੀ ਵਧੀਆ ਡਾਂਸ ਕੀਤਾ। ਜੈਸੀ ਬੰਗੇ ਵੱਲੋਂ ਜੈਕ ਰਾਮ, ਜੈਪਾਲ ਰਾਮ ਅਤੇ ਪਰਿਵਾਰ ਦੇ 40 ਕੁ ਬੀਤ ਚੁੱਕਿਆਂ ਬਾਰੇ ਜਾਣਕਾਰੀ ਦਿੱਤੀ। ਤਕਰੀਬਨ 125 ਕੁ ਲੋਕਾਂ ਦਾ ਇਕੱਠ ਪਰ ਲੱਗਦਾ ਸੀ ਹੋਰ ਵੀ ਵੱਡਾ।

ਦੂਜੇ ਪਾਸੇ ਕਾਕਟੇਲ ਕਾਉਂਟਰ ਤੇ ਵੀ ਭੀੜ ਲੱਗੀ ਰਹੀ। ਤਰਲੋਚਨ ਸਿੰਘ ਭਰ ਭਰ ਗਿਲਾਸ ਫੜਾਈ ਜਾਂਦੇ ਸਨ। ਚੈਂਬਰ ਦੇ ਟਰੱਸਟੀ, ਮਨਜੀਤ ਸਿਬੀਆ, ਪਰਮ ਬਿੰਦਰਾ, ਗੈਰੀ ਸਿੱਧੂ, ਹਰਦੀਪ ਜੱਜ ਵੀ ਬਣ ਠਣ ਕੇ ਆਏ ਹੋਏ ਸਨ। ਚੈਂਬਰ ਵੱਲੋਂ ਵੈਸਟ ਸੈਕਰਾਮੈਂਟੋ ਦੇ ਅਮਰੀਕਨ ਸੀਨੀਅਰ ਗਰੁੱਪ ਦਾ ਸਪੈਸ਼ਲ ਧੰਨਵਾਦ ਕੀਤਾ ਗਿਆ। ਫਿਰ ਮਨਜੀਤ ਸਿਬੀਆ ਨੇ ਬੋਰਡ ਮੈਂਬਰ ਨਵੇਂ ਜਿਵੇਂ ਮਾਈ ਸੈਨਵਾਲ, ਕਮਲ ਜੱਜ, ਲਿੰਡਾ ਐਨ ਜੀ, ਅਮਰਜੀਤ ਬੇਦੀ, ਪ੍ਰਮਿੰਦਰ ਸਿੰਘ, ਲਖਵਿੰਦਰ ਰੰਧਾਵਾ, ਰਵਿੰਦਰ ਸਿੰਘ, ਵਾਈ. ਕੇ. ਸ਼ਾਲਮ, ਕੇਵਲ ਬੋਲੀਨਾ, ਕਮਲ ਬੰਗਾ ਅਤੇ ਦਲਜੀਤ ਸਿੰਘ ਸੰਧੂ ਨੇ ਪੋਡੀਅਮ 'ਚ ਸੱਦ ਕੇ ਜਾਣ ਪਛਾਣ ਕਰਵਾਈ ਅਤੇ ਵਧਾਈ ਦਿੱਤੀ। ਇਸ ਤਰ੍ਹਾਂ ਉਹ ਸੁਨਹਿਰੀ ਸ਼ਾਮ ਦੀ ਕਿਰਨਾਂ ਦੇ ਨਾਲ ਹਰੇਕ ਚਿਹਰਾ ਹੱਸਦਾ ਹੱਸਦਾ ਨਜ਼ਰ ਆ ਰਿਹਾ ਸੀ। ਸੱਤਰੰਘੀ ਪੀਂਘ ਦੇ ਹੁਲਾਰਿਆਂ ਵਾਂਗ ਸੁੰਦਰ ਨਜ਼ਾਰਾ ਦਿਸ ਰਿ ਸੀ।

ਗੱਲ ਕੀ 6 ਵਜੇ ਤੋਂ 10 ਵਜੇ ਤੱਕ ਸਾਰਿਆਂ ਨੇ ਹੀ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਇਹਨਾਂ ਤੋਂ ਇਲਾਵਾ ਪੀਟਰ ਦੋਸਾਂਝ, ਸੁਰਿੰਦਰ ਬਿੰਦਰਾ, ਪੀਟਰ ਨਾਜ਼ਰ, ਸਵਰਨ ਗਿੱਲ, ਜਾਦੂ ਰਾਮ, ਲਾਹੌਰੀ ਰਾਮ ਪਰਿਵਾਰ, ਡਾਇਨਾ ਪਰਪਾਰਸ, ਦਲਜੀਤ ਕੌਰ ਸੰਧੂ ਆਦਿ ਨੇ ਸ਼ਿਕਤ ਕੀਤੀ। ਤਕਰੀਬਨ 40-50 ਸ਼ਖਸੀਅਤਾਂ ਨੂੰ ਲੋਕਾਂ ਦੇ ਸਨਮੁਖ ਕਰਾਇਆ ਗਿਆ। ਅੰਤ ਵਿਚ ਚੈਂਬਰ ਦੇ ਨਵੇਂ ਪ੍ਰਧਾਨ ਪਵਿੱਤਰ ਨਾਹਲ ਨੇ ਚੈਂਬਰ ਦਾ, ਸਾਰੇ ਆਏ ਹੋਏ ਭੈਣ ਭਰਾਵਾਂ ਦਾ, ਡੀ. ਜੇ. ਵਾਲੇ ਦਾ ਇੰਡੀਆ ਪਲੇਟ ਵਾਲੇ ਧੰਨਵਾਦ ਕੀਤਾ।

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦਾ 124ਵਾਂ ਜਨਮ ਦਿਨ ਹਿਊਸਟਨ ਵਿਚ 13 ਜੂਨ ਨੂੰ ਮਨਾਇਆ ਜਾਵੇਗਾ

ਹਿਊਸਟਨ- ਭਾਰਤੀ ਸੰਵਿਧਾਨ ਦੇ ਨਿਰਮਾਤਾ ਪ੍ਰਸਿੱਧ ਵਿਦ-ਵਾਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮ ਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਨ ਇੰਡੀਆ ਹਾਊਸ ਵੈਸਟ ਬੈਲਫੋਰਟ ਹਿਊਸਟਨ ਵਿਖੇ 12 ਜੂਨ ਸ਼ਨਿਚਰਵਾਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਡਾ. ਜ਼ੋਇ ਬੈਰਿੰਨ ਯੂਨੀਵਰਸਿਟੀ ਆਫ ਆਕਲੈਂਡ ਬਾਬਾ ਸਾਹਿਬ ਬਾਰੇ ਵਿਸ਼ੇਸ਼ ਤੌਰ ਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਪਹੁੰਚਣਗੇ। ਪ੍ਰੋਗਰਾਮ ਵਿਚ ਕਾਂਗਰਸਮੈਨ ਸ੍ਰੀ ਅਲ ਗ੍ਰੀਨ ਅਤੇ ਡਾ. ਅੰਜੀਲਾ ਕੰਜੋਲੀਆ ਯੂਨੀਵਰਸਿਟੀ ਆਫ ਹਿਊਸਟਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਹਰਦੇਵ ਸਹਾਇਕ, ਬੇਗਮਪੁਰਾ ਸੁਸਾਇਟੀ ਆਫ ਨਿਊਯਾਰਕ, ਪ੍ਰੋ ਪ੍ਰੇਮ ਕੁਮਾਰ ਸੰਗਤੀ, ਪੀਅਰੇ ਵਿਊ ਟੈਕਸਾ, ਸੋਨੂੰ ਅੰਬੇਦਕਰ (ਸੈਕਰਾਮੈਂਟੋ) ਵੀ ਸ਼ਾਮਲ ਹੋਣਗੇ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਪ੍ਰਬੰਧਕਾਂ ਸੁਖਵਿੰਦਰ ਸਿੰਘ 832-512-5711 ਜਾਂ ਸੁੱਚਾ ਸਿੰਘ ਨਾਲ 713-551-6953 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਸੁਰਜੀਤ ਮਹਿਮੀ, ਬੀਰ ਸਿੰਘ, ਨਗੇਸ਼ ਪਵਾਰ, ਰਾਜੂ ਕਾਂਬਲੀ ਦਾ ਵਿਸ਼ੇਸ਼ ਸਹਿਯੋਗ ਹੈ।

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਦੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਪ੍ਰਬੰਧਕੀ ਸੇਵਾਦਾਰ ਵੱਲੋਂ ਸਮੁੱਚੀ ਸਾਧ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਮਹਾਰਾਜ ਜੀ ਅਤੇ ਸਤਿਗੁਰੂ ਹਰਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 14 ਜੂਨ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ 12 ਜੂਨ ਨੂੰ ਆਰੰਭ ਹੋ ਕੇ ਤਿੰਨ ਦਿਨ ਵਿਸ਼ੇਸ਼ ਦੀਵਾਨ ਸਜਣਗੇ। 14 ਜੂਨ ਨੂੰ ਸਵੇਰੇ ਭੋਗ ਪੈਣ ਉਪਰੰਤ ਸਾਰੇ ਦਿਨ ਵਿਸ਼ੇਸ਼ ਦੀਵਾਨ ਹੋਣਗੇ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਵਿਸ਼ੇਸ਼ ਸਮਾਗਮ 21 ਜੂਨ ਨੂੰ ਹੋਣਗੇ। ਸਤਿਗੁਰਾਂ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰੂ ਘਰ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਲੜੀ 17 ਜੂਨ ਤੋਂ ਆਰੰਭ ਹੋ ਰਹੀ ਹੈ ਜੋ ਕਿ 19 ਜੂਨ ਤੱਕ ਜਾਰੀ ਰਹੇਗੀ। 19 ਜੂਨ ਨੂੰ ਅਖੰਡ ਪਾਠ ਸਾਹਿਬ ਆਰੰਭ ਹੋ ਕੇ 21 ਜੂਨ ਨੂੰ ਭੋਗ ਪੈਣਗੇ। ਇਹਨਾਂ ਦੀਵਾਨਾਂ ਵਿਚ ਪੰਥ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕ, ਢਾਡੀ ਸੰਗਤਾਂ ਨਾਲ ਗੁਰਬਾਣੀ ਦੀ ਸਾਂਝ ਪਾਉਣਗੇ। ਵਿਸ਼ੇਸ਼ ਤੌਰ ਤੇ ਭਾਈ ਸਾਹਿਬ ਸਿੰਘ ਕਨੇਡਾ ਵਾਲੇ, ਭਾਈ ਗੁਲਜਾਰ ਸਿੰਘ ਕਨੇਡਾ ਵਾਲੇ ਦੋਵੇਂ ਕਥਾਵਾਚਕ, ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ, ਭਾਈ ਭਗਤ ਸਿੰਘ ਬੰਬੇ ਵਾਲੇ ਕੀਰਤਨੀਏ ਅਤੇ ਢਾਡੀ ਭਾਈ ਸਰੂਪ ਸਿੰਘ ਕੰਡਿਆਣਾ ਪਹੁੰਚ ਰਹੇ ਹਨ। ਸੰਗਤਾਂ ਨੂੰ ਹੁੰਮ ਹੁੰਮਾ ਕੇ ਪੁੱਜਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਕੇ ਲੰਗਰ ਗੁਰੂ ਘਰ ਦੇ ਸੇਵਕ ਪਰਿਵਾਰਾਂ ਵੱਲੋਂ ਅਤੁੱਟ ਵਰਤਾਏ ਜਾਣਗੇ।

# ਆਰ. ਐਸ. ਐਸ. ਦੀ ਨਜ਼ਰ ਵਿਚ ਦਲਿਤ ਵਿਦਿਆਰਥੀ ਸੰਘ ਤੇ ਕਾਰਵਾਈ ਸਹੀ

ਨਵੀਂ ਦਿੱਲੀ- ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਆਈ. ਆਈ. ਟੀ. ਮਦਰਾਸ ਵੱਲੋਂ ਦਲਿਤ ਵਿਦਿਆਰਥੀ ਗਰੁੱਪ ਅੰਬੇਡਕਰ ਪੇਰੀਆਰ ਸਟੱਡੀ ਸਰਕਲ ਤੇ ਲਗਾਈ ਗਈ ਰੋਕ ਦੀ ਕਾਰਵਾਈ ਨੂੰ ਸਹੀ ਠਹਿਰਾਇਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਿੱਖਿਆ ਸੰਸਥਾ ਖੱਬੇ ਪੱਖੀ ਵਿਚਾਰਧਾਰਾ ਤੋਂ ਗ੍ਰਸਤ ਹੁੰਦੀ ਜਾ ਰਹੀ ਹੈ।

ਆਰਗੇਨਾਈਜਰ ਦੇ ਤਾਜ਼ਾ ਅੰਕ ਵਿਚ 'ਝੂਠੇ ਅੰਬੇਡਕਰਵਾਦੀਆਂ ਦਾ ਪਰਦਾਫਾਸ਼' ਟਾਈਟਲ ਹੇਠ ਪ੍ਰਕਾਸ਼ਿਤ ਸੰਪਾਦਕੀ ਵਿਚ ਆਰ. ਐਸ. ਐਸ. ਨੇ ਇਹ ਟਿੱਪਣੀ ਕੀਤੀ। ਨਾਲ ਹੀ ਅੰਬੇਡਕਰ ਦੇ ਜਨਮ ਦਿਨ ਤੇ ਉਹਨਾਂ ਦੇ ਜਨਮ ਸਥਾਨ ਮਹੂ ਦਾ ਦੌਰਾ ਕਰਨ ਵਾਲੇ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਤੇ ਵੀ ਨਿਸ਼ਾਨਾ ਲਗਾਇਆ ਹੈ। ਲੇਖ ਵਿਚ ਕਿਹਾ ਗਿਆ ਹੈ ਕਿ ਸੰਸਥਾਵਾਂ ਦੇ ਖੇਤਰ ਅਤੇ ਪ੍ਰਤੀਕਾਂ ਦਾ ਬਿਨਾਂ ਇਜਾਜ਼ਤ ਇਸਤੇਮਾਲ ਕਰਨਾ ਅਨੁਸ਼ਾਸਨਹੀਣਤਾ ਹੈ ਅਤੇ ਸੰਸਥਾਵਾਂ ਨੂੰ ਵਿਦਿਆਰਥੀਆਂ ਤੋਂ ਇਸ ਤੇ ਸਵਾਲ ਕਰਨ ਦਾ ਅਧਿਕਾਰ ਹੈ। ਸਿੱਖਿਆ ਸੰਸਥਾਵਾਂ ਖੱਬੇ ਪੱਖੀ ਵਿਚਾਰਧਾਰਾ ਤੋਂ ਪੀੜਤ ਹੋ ਰਹੀਆਂ ਹਨ ਅਤੇ ਆਈ. ਆਈ. ਟੀ. ਮਦਰਾਸ ਦੇ ਅੰਬੇਡਕਰ ਪੈਰੀਅਰ ਸਟੱਡੀ ਸਰਕਲ ਵਰਗੇ ਸੰਗਠਨ ਹਿੰਦੂ ਵਿਰੋਧੀ ਅਤੇ ਭਾਰਤ ਵਿਰੋਧੀ ਵੰਡਣ ਵਾਲੀ ਵਿਚਾਰਧਾਰਾ ਫੈਲਾ ਰਹੇ ਹਨ। ਜਦਕਿ ਅੰਬੇਡਕਰ ਇਸਨੂੰ ਕਦੀ ਸਵੀਕਾਰ ਨਹੀਂ ਕਰਦੇ। ਆਰ. ਐਸ. ਐਸ. ਨੇ ਕਿਹਾ ਕਿ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਵਾਲੇ ਕਿਸੇ ਵਿਦਿਆਰਥੀ ਸੰਗਠਨ ਤੇ ਪਾਬੰਦੀ ਲਗਾਉਣ ਦਾ ਕਦੀ ਕੋਈ ਸਮਰਥਨ ਨਹੀਂ ਕਰ ਸਕਦਾ। ਨਾਲ ਹੀ ਜੇਕਰ ਵਿਦਿਆਰਥੀ ਸਿੱਖਿਆ ਖੇਤਰ ਵਿਚ ਜਾਤੀਵਾਦੀ ਆਧਾਰ ਤੇ ਵਿਤਕਰੇ ਬਾਰੇ ਚਰਚਾ ਕਰਦੇ ਹਨ ਤਾਂ ਵੀ ਕਿਸੇ ਪਾਬੰਦੀ ਦੀ ਗੁੰਜਾਇਸ਼ ਨਹੀਂ ਹੋ ਸਕਦੀ। ਏ ਪੀ ਐਸ ਸੀ. ਦੇ ਖਿਲਾਫ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਦੇ ਕਾਰਨ ਕੋਈ ਨੋਟਿਸ ਨਹੀਂ ਲਿਆ ਗਿਆ ਹੈ ਅਤੇ ਨਾ ਹੀ ਕੋਈ ਪਾਬੰਦੀ ਲਗਾਈ ਗਈ ਹੈ, ਜਿਵੇਂ ਕਿ ਕੁਝ ਗਰੁੱਪਾਂ ਅਤੇ ਧਰਮ ਨਿਰਪੱਖ ਮੀਡੀਆ ਜਾਂ ਬੁੱਧੀਜੀਵੀਆਂ ਦੁ-ਆਰਾ ਪ੍ਰਚਾਰਿਆ ਗਿਆ ਹੈ।ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੇ ਕੇਵਲ ਵਿਦਿਆਰਥੀਆਂ ਦੇ ਇਕ ਸੰਗਠਨ ਦੀ ਸ਼ਿਕਾਇਤ ਢੁਕਵੀਂ ਅਥਾਰਟੀ ਨੂੰ ਪ੍ਰੇਰਿਤ ਕੀਤਾ ਹੈ।

ਲੇਖਕ ਵਿਚ ਕਿਹਾ ਗਿਆ ਹੈ ਕਿ ਅਨੁਸ਼ਾਸਨਹੀਣ ਕਾਰਵਾਈ ਦਾ ਇਹ ਮੁੱਦਾ ਅਤੇ ਰਾਹੁਲ ਗਾਂਧੀ ਦਾ ਅੰਬੇਡਕਰ ਦੇ ਜਨਮ ਸਥਾਨ ਦਾ ਦੌਰਾ ਦੋਵੇਂ ਹੀ ਅਜਿਹੀਆਂ ਕੋਸ਼ਿਸ਼ਾਂ ਹਨ ਜਿਹਨਾਂ ਵਿਚ ਬਾਬਾ ਸਾਹਿਬ ਵਰਗੇ ਮਹਾਨ ਸੁਧਾਰਕਾਂ ਦੀ ਸ਼ਖਸੀਅਤ ਦੇ ਫੁੱਟਪਾਊ ਖੱਬੇ ਪੱਖ ਦਾ ਮੁਖੌਟਾ ਚੜ੍ਹਾਉਣ ਜਾਂ ਕਾਂਗਰਸੀ ਤਰੀਕੇ ਦੀ ਵੋਟ ਬੈਂਕ ਦੀ ਰਾਜਨੀਤੀ ਦਾ ਰੰਗ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੇਖ ਵਿਚ ਰਾਹੁਲ ਗਾਂਧੀ ਤੇ ਇਹ ਕਹਿ ਕੇ ਵੀ ਨਿਸ਼ਾਨਾ ਲਗਾਇਆ ਗਿਆ ਹੈ ਕਿ ਬ੍ਰਾਹਮਣ ਵਿਰੋਧੀ ਅੰਦੋਲਨ ਨੂੰ ਕੈਸ਼ ਕਰਵਾਉਣਾ ਵੀ ਕਾਂਗਰਸ ਦੀ ਰਾਜਨੀਤੀ ਵਿਚ ਸ਼ਾਮਲ ਹੈ। ਕੋਈ ਭਾਰਤੀ ਇਸ ਤੇ ਭਰੋਸਾ ਨਹੀਂ ਕਰ ਸਕਦਾ ਕਿ ਜਿਸ ਵਿਅਕਤੀ ਨੂੰ ਆਪਣੀ ਹੀ ਪਾਰਟੀ ਨੂੰ ਸਮਝਣ ਵਿਚ ਦਸ ਸਾਲ ਲੱਗ ਗਏ, ਉਹ ਜਾਤੀ ਆਧਾਰਿਤ ਵਿਤਕਰਾ ਅਤੇ ਛੂਤਛਾਤ ਦੇ ਜਟਿਨ ਮਸਲਿਆਂ ਨਾਲ ਠੀਕ ਤਰੀਕੇ ਨਾਲ ਨਿਪਟ ਸਕੇਗਾ।

# ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵੇਂ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰ-ਨੀਆ) ਦੀ ਸਮੂਹ ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਬੜੀ ਹੀ ਨਿਮ-ਰਤਾਮਈ 'ਚ ਗੁਰੂ ਘਰ ਦੇ 30ਵੇਂ ਸਥਾਪਨਾ ਦਿਵਸ ਦੇ ਸ਼ੁਭ ਦਿਹਾੜੇ ਮੌਕੇ ਹਾਰਦਿਕ ਵਧਾਈ ਦਿੰਦੀ ਹੈ। ਅਸੀਂ ਜਿੱਥੇ ਉਹਨਾਂ ਆਪਣੇ ਸਾਰੇ ਬਜ਼ੁਰਗਾਂ ਦਾ ਤੇ ਪਹਿਲੀ ਸਮੂਹ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਆਪਣੇ ਮਨਾਂ 'ਚ ਇਹ ਨੇਕ ਖਿਆਲ ਲਿਆਂਦਾ ਕਿ ਸਾਡੇ ਵੀ ਮਹਾਨ ਰਹਿਬਰ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਂ ਉਤੇ ਕੋਈ ਧਾਰਮਿਕ ਸਥਾਨ ਹੋਵੇ। ਇਹ ਉਹਨਾਂ ਦੀ ਘਾਲੀ ਹੋਈ ਘਾਲਣਾ, ਦਸਾਂ ਨਹੁੰਆਂ ਦੀ ਨੇਕ ਕਮਾਈ ਸਾਡੇ ਲਈ ਪ੍ਰੇਰਨਾ ਸਰੋਤ ਹੈ। ਇਹੀ ਵਜ੍ਹਾ ਹੈ ਕਿ ਉਹਨਾਂ ਦੇ ਦਿਖਾਏ ਮਾਰਗ ਤੇ ਹੋਰ ਬਹੁਤ ਸਾਰੇ ਪਰਿਵਾਰਾਂ ਨੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਗੁਰੂ ਘਰ ਦੀ ਸੇਵਾ ਕਰਕੇ ਜੀਵਨ ਸਫਲਾ ਬਣਾਇਆ ਹੈ। ਸਾਡੇ ਸਭ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਤਰੀ ਅਮਰੀਕਾ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਤੇ ਉਸਾਰਿਆ ਗਿਆ ਪਹਿਲਾ ਗੁਰੂ ਘਰ ਹੈ, ਜਿਸ ਨੂੰ ਬਣਾਉਣ ਵਿਚ ਕੈਲੇਫੋਰਨੀਆ ਦੇ ਅਲੱਗ ਅਲੱਗ ਸ਼ਹਿਰਾਂ ਵਿਚ ਵੱਸੀ ਗੁਰੂ ਪਿਆਰੀ ਸੰਗਤ ਨੇ ਭਰਪੂਰ ਸਾਥ ਦਿੱਤਾ ਸੀ ਤੇ ਦੇ ਰਹੇ ਹਨ। ਅਸੀਂ ਇਕ ਵਾਰ ਫਿਰ ਤੋਂ ਸਭ ਦਾ ਧੰਨਵਾਦ ਕਰਦੇ ਹਾਂ।



## ਚਾਹੇ ਮੁੱਖ ਮੰਤਰੀ ਬਾਦਲ ਹੋਵੇ ਜਾਂ ਬਰਨਾਲਾ ਜੀ, ਮੇਰਾ ਤਾਂ ਉੱਥੇ ਦਾ ਉੱਥੇ ਹੀ ਰਹਿਣਾ ਹੈ ਪਰਨਾਲਾ ਜੀ

# ਮਰਹੂਮ ਸ਼ਾਇਰ ਜਨਾਬ ਉਲਫ਼ਤ ਬਾਜਵਾ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ

ਫਗਵਾੜਾ (ਬੀ.ਕੇ. ਰੱਤੂ)- ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਮਰਹੂਮ ਸ਼ਾਇਰ ਜਨਾਬ ਉਲਫ਼ਤ ਬਾਜਵਾ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਫ਼ਰੈਂਡਜ਼ ਕਲੋਨੀ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪਾਵਰਕਾਮ ਦੇ ਐਕਸੀਅਨ ਪਵਨ ਕੁਮਾਰ ਬੀਸਲਾ ਨੇ ਸ਼ਿਰਕਤ ਕੀਤੀ ਜਦਕਿ ਪ੍ਰਧਾਨਗੀ ਮੰਡਲ 'ਚ ਬਲਬੀਰ ਸਿੰਘ ਏ.ਐਸ.ਆਈ., ਸਮਾਜ ਸੇਵਕ ਬਲਬੀਰ ਗੋਸਲ, ਮਲਕੀਅਤ ਸਿੰਘ ਰਘਬੋਤਰਾ ਸਾਬਕਾ ਪ੍ਰਧਾਨ ਨਗਰ ਕੌਂਸਲ, ਅਵਤਾਰ ਸਿੰਘ ਮੰਡ ਮੈਂਬਰ ਜ਼ਿਲ੍ਹਾ ਪੁਲਿਸ ਅਫ਼ੇਅਰਜ਼ ਕਮੇਟੀ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ, ਅਮਰਜੀਤ ਕੁੱਕੀ ਕੌਂਸਲਰ, ਸਰਬਰ ਗੁਲਾਮ ਸੱਬਾ ਪ੍ਰਧਾਨ ਅੰਜੂਮਨ ਦਾਵਤੇ ਇਸਲਾਮੀਆ ਕਮੇਟੀ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਕਵੀ ਦਰਬਾਰ ਦਾ ਆਗਾਜ਼ ਹਰਚਰਨ ਭਾਰਤੀ ਨੇ ਆਪਣੀ ਗਜ਼ਲ ਸੁਣਾ ਕੇ ਕੀਤਾ। ਉਪਰੰਤ ਪ੍ਰਸਿੱਧ ਕਵੀ ਪ੍ਰਿੰਸੀਪਲ ਭਜਨ ਸਿੰਘ ਵਿਰਕ ਨੇ ਆਪਣੀ ਗਜ਼ਲ "ਕਲਹਾ ਸੁੱਤੀ ਜਗਾਉਂਦੇ ਹੋ, ਤੁਹਾਡੀ ਸੋਚ ਦੇ ਸਦਕੇ, ਕਿਸੇ ਨੂੰ ਫ਼ਿਕਰ ਪਾਉਂਦੇ ਹੋ ਤੁਹਾਡੀ ਸੋਚ ਦੇ ਸਦਕੇ'' ਸੁਣਾ ਕੇ ਖ਼ੂਬ ਵਾਹ - ਵਾਹ ਖੱਟੀ। ਰਾਜ ਸੰਧੂ ਨੇ " ਕੀ ਹੋਇਆ ਜੇ ਉਸ ਨੇ ਆਪਣਾ ਜਿਸਮ ਵੇਚਿਆ, ਮਨੋਹਰ ਸਾਦਿਕ ਨੇ ਆਪਣੀ ਗਜ਼ਲ ਉਹ ਮੇਰੀ ਹਰ ਤਮੰਨਾ ਨੂੰ ਇਹ ਕਹਿ ਕੇ ਟਾਲ ਜਾਂਦੇ, ਦਸੰਬਰ, ਜਨਵਰੀ ਕੌਣ ਜਾਂਦਾ ਹੈ ਨੈਨੀਤਾਲ, ਚਰਨ ਸੀਚੇਵਾਲ ਨੇ" ਮੁੱਖ ਮੰਤਰੀ ਬਾਦਲ ਹੋਵੇ ਜਾਂ ਬਰਨਾਲਾ, ਮੇਰਾ ਤਾਂ ਉੱਥੇ ਦਾ ਉੱਥੇ ਹੀ ਰਹਿਣਾ ਹੈ ਪਰਨਾਲਾ ਜੀ,'' ਨੇ ਆਪਣੀਆਂ ਗਜ਼ਲਾਂ ਤੇ ਸ਼ੇਅਰ ਪੇਸ਼ ਕਰਕੇ ਗਵੀ ਦਰਬਾਰ ਨੂੰ ਸਿਖ਼ਰਾਂ 'ਤੇ ਲੈ ਆਂਦਾ। ਉਪਰੰਤ ਵਾਰੀ ਆਈ ਉੱਭਰਦੇ ਸ਼ਾਇਰ ਜਗਦੀਸ਼ ਰਾਣਾ ਜਲੰਧਰ ਨੇ ਆਪਣੀ ਗਜ਼ਲ " ਠੀਕ ਹੈ ਉਸਦੇ ਲਵਾਂ 'ਤੇ ਕੋਈ ਵੀ ਇਨਕਾਰ ਨਹੀਂ ਸੀ,'' ਸੁਣਾ ਕੇ ਆਪਣੀ ਹਾਜ਼ਰੀ ਦਰਜ ਕਰਵਾਈ। ਇਸ ਮੌਕੇ ਦੇਵਰਾਜ ਦਾਦਰ, ਸੁਖਦੇਵ ਗੰਡਮ, ਹਰਮਿੰਦਰ ਵਿਰਦੀ, ਡਾ. ਅਮਰਜੀਤ ਪੀ.ਐਚ.ਡੀ. ਨੇ ਆਪਣੀ ਰਚਨਾਵਾਂ ਤੇ ਗਜ਼ਲਾਂ ਪੇਸ਼ ਕਰਦੇ ਹੋਏ ਜਿੱਥੇ ਦੇਸ਼ ਦੇ ਹਾਲਾਤਾਂ 'ਤੇ ਕਰਾਰੀ ਚੋਟ ਮਾਰੀ ਉੱਥੇ ਹੀ ਸਮਾਜਿਕ ਕੁਰੀਤੀਆਂ ਪ੍ਰਤੀ ਵੀ ਜਾਗਰੂਕ ਕੀਤਾ। ਇਸ ਮੌਕੇ ਮੁੱਖ ਮਹਿਮਾਨ ਪਵਨ ਕੁਮਾਰ ਬੀਸਲਾ ਨੇ ਆਏ ਹੋਏ ਕਵੀਆਂ ਤੇ ਪ੍ਰਮੁੱਖ਼ ਸਖ਼ਸ਼ੀਅਤਾਂ ਨੂੰ ਸਨਮਾਨਿਤ ਕਰਨ ਉਪਰੰਤ ਆਪਣੇ ਸੰਬੋਧਨ 'ਚ ਕਿਹਾ ਕਿ ਕਵੀ ਸਮਾਜ ਦਾ ਆਇਨਾ ਹਨ ਜੋ ਸਮਾਜ ਨੂੰ ਸਹੀ ਸੇਧ ਵੱਲ ਲੈ ਕੇ ਜਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਕਵੀ ਹੀ ਹਰ ਸਮਾਜਿਕ ਕੁਰੀਤੀ ਦੇ ਖ਼ਿਲਾਫ਼ ਬੇਝਿਜਕ ਹੋ ਕੇ ਲਿਖ ਸਕਦਾ ਹੈ। ਕਵੀ ਦੇ ਲਿਖੇ ਸ਼ਬਦਾਂ 'ਚ ਹਕੀਕਤ ਬਿਆਨ ਹੁੰਦੀ ਹੈ।

ਬੀਸਲਾ ਨੇ ਕਿਹਾ ਕਿ ਕਵੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ, ਪਿਛੋਕੜ ਤੇ ਸੱਭਿਆਚਾਰਕ ਨਾਲ ਜੋੜ ਸਕਦੇ ਹਨ। ਉਨ੍ਹਾਂ ਕਿਹਾ ਕਿ ਕਵੀ ਦਰਬਾਰ 'ਚ ਆ ਕੇ ਕਵੀਆਂ ਦੀਆਂ ਗਜ਼ਲਾਂ ਸੁਣ ਮਨ ਨੂੰ ਬਹੁਤ ਸਕੂਨ ਮਿਲਿਆ ਹੈ। ਉਨ੍ਹਾਂ ਸਭਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਸਭਾ ਨੂੰ ਇਸ ਤਰ੍ਹਾਂ ਦੇ ਹੋਰ ਕਵੀ ਦਰਬਾਰ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਸਭਾ ਵਲੋਂ ਨਵਨਿਯੁਕਤ ਜ਼ਿਲ੍ਹਾ ਪੁਲਿਸ ਅਫ਼ੇਅਰਜ਼ ਕਮੇਟੀ ਦੇ ਮੈਂਬਰ ਤੇ ਸਭਾ ਦੇ ਸਲਾਹਕਾਰ ਅਵਤਾਰ ਸਿੰਘ ਮੰਡ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਉਨ੍ਹਾਂ ਨੇ ਸਭਾ ਵਲੋਂ ਦਿੱਤੇ ਸਨਮਾਨ ਲਈ ਸਭਾ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਮੰਡ ਨੇ ਕਿਹਾ ਕਿ ਸਭ ਤੋਂ ਵੱਧ ਬਹਾਦਰ ਯੂਥ ਪੰਜਾਬੀ ਇਸ ਵੇਲੇ ਕਮਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਨੂੰ ਬਚਾਉਣ ਲਈ ਹਰ ਪੰਜਾਬੀ ਨੂੰ ਹਮਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਕਰਕੇ ਪੰਜਾਬ ਤਬਾਹੀ ਵੱਲ ਜਾ ਰਿਹਾ ਹੈ, ਜਿਸ ਨੂੰ ਬਚਾਉਣ ਲਈ ਕਵੀ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਮੌਕੇ ਬਿਕਰਮਜੀਤ ਵਾਲੀਆ, ਰਮੇਸ਼ ਆਰੋੜਾ, ਰਾਜ ਕੁਮਾਰ ਕਨੌਜੀਆ, ਬਲਬੀਰ ਗੋਸਲ,ਨਿਰਵੈਲ ਸਿੰਘ ਸੰਧੂ, ਜਸਪਾਲ ਸਿੰਘ ਚੀਮਾ, ਹਰਜਿੰਦਰ ਗੋਗਨਾ, ਅਨੂਪ ਦੁੱਗਲ,ਬਲਦੀਪ ਸਿੰਘ ਸਹੋਤਾ,ਡਾ. ਨਰੇਸ਼ ਗੋਬਿੰਦਪੁਰਾ, ਰਣਜੋਧ ਸਿੰਘ, ਸੀ.ਐਮ.ਜਲੋਟਾ, ਰੇਸ਼ਮ ਲਾਲ, ਸਤੀਸ਼ ਸ਼ਰਮਾ, ਮੁਲਖ ਰਾਜ, ਪੰਡਿਤ ਰਤਨ ਲਾਲ, ਬਲਵਿੰਦਰ ਬਸੂਟਾ, ਰਣਵੀਰ ਬਿੱਟੂ, ਰਮੇਸ਼ ਪਾਂਡੇ, ਚਰਨਪ੍ਰੀਤ ਸਿੰਘ, ਦਮਨਜੀਤ ਸਿੰਘ, ਮਨਜੀਤ ਵਰਮਾ ਆਦਿ ਤੋਂ ਇਲਾਵਾ ਹੋਰ ਵੀ ਸਭਾ ਦੇ ਮੈਂਬਰ ਹਾਜ਼ਰ ਸਨ। ਇਹ ਕਵੀ ਦਰਬਾਰ ਆਪਣੀਆਂ ਨਿੱਘੀਆਂ ਤੇ ਅਮਿੱਟ ਯਾਦਾਂ ਛੱਡਦਾ ਹੋਇਆ ਨਵੀਂ ਸਵੇਰ ਦਾ ਸੁਨੇਹਾ ਦਿੰਦਿਆਂ ਸਮਾਪਤ ਹੋਇਆ।



## ਪ੍ਰਮਜੀਤ ਖਲਵਾੜਾ ਬਣੇ ਬਸਪਾ ਦੇ ਜ਼ਿਲ੍ਹਾ ਜਨਰਲ ਸਕੱਤਰ, ਵਰਕਰਾਂ 'ਚ ਖੁਸ਼ੀ ਦੀ ਲਹਿਰ

ਫਗਵਾੜਾ (ਬੀ. ਕੇ. ਰੱਤੂ)- ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਹਲਕਾ ਫਗਵਾੜਾ ਦੇ ਸੀਨੀਅਰ ਆਗੂ ਪ੍ਰਮਜੀਤ ਖਲਵਾੜਾ ਨੂੰ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕਰਨ 'ਤੇ ਵਰਕਰਾਂ ਤੇ ਆਗੂਆਂ 'ਚ ਖ਼ੁਸ਼ੀ ਦੀ ਲਹਿਰ।ਇਸ ਨਿਯੁਕਤੀ 'ਤੇ ਤਹਿਸੀਲ ਪ੍ਰਧਾਨ ਰਾਮ ਮੂਰਤੀ ਖੇੜਾ, ਫਗਵਾੜਾ ਸ਼ਹਿਰੀ ਦੇ ਪ੍ਰਧਾਨ ਕਾਲਾ ਪ੍ਰਭਾਕਰ, ਲੇਖ ਰਾਜ ਜਮਾਲਪੁਰੀ ਮੈਂਬਰ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ, ਚਰਨ ਦਾਸ



ਜੱਸਲ ਸਾਬਕਾ ਤਹਿਸੀਲ ਪ੍ਰਧਾਨ, ਸੁਰਜੀਤ ਭੁੱਲਾਰਾਈ ਯੂਥ ਆਗੂ,ਬਿਸੰਭਰ ਭਬਿਆਣਾ, ਰੂਪ ਲਾਲ, ਨਿਰਮਲ ਸਿੰਘ ਮਲਕਪੁਰ, ਮਨਜੀਤ ਵਾਹਦ, ਪ੍ਰਨੀਸ਼ ਬੰਗਾ, ਹਰਜਿੰਦਰ ਜੰਡਾਲੀ, ਰਾਮ ਲੁਭਾਇਆ ਲੱਖਪੁਰ, ਸਰਵਣ ਸਿੰਘ ਦਾਨੀ,ਲਵਪ੍ਰੀਤ ਬੋਬੀ ਦੋਵੇਂ ਮੈਂਬਰ ਬਲਾਕ ਸੰਮਤੀ, ਜੁਗਿੰਦਰ ਪਾਲ ਪੰਚ, ਸਾਲਗ ਰਾਮ ਜੱਸੀ ਆਦਿ ਨੇ ਪ੍ਰਮਜੀਤ ਖਲਵਾੜਾ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਉਕਤ ਆਗੂਆਂ ਨੇ ਕਿਹਾ ਕਿ ਪ੍ਰਮਜੀਤ ਖਲਵਾੜਾ ਬਹੁਤ ਹੀ ਮੇਹਨਤੀ, ਸੂਝਵਾਨ ਤੇ ਇਮਾਨਦਾਰ ਆਗੂ ਹਨ।ਪਾਰਟੀ ਨੇ ਖਲਵਾੜਾ ਦੀ ਨਿਯੁਕਤੀ ਕਰਕੇ ਹਲਕਾ ਫਗਵਾੜਾ ਨੂੰ ਮਾਣ ਬਖਸ਼ਿਆ ਹੈ,ਜਿਸ ਲਈ ਹਲਕੇ ਦੀ ਸਮੁੱਚੀ ਟੀਮ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦੀ। ਇਸ ਮੌਕੇ ਨਵਨਿਯੁਕਤ ਜ਼ਿਲ੍ਹਾ ਜਨਰਲ ਸਕੱਤਰ ਪ੍ਰਮਜੀਤ ਖਲਵਾੜਾ ਨੇ ਪਾਰਟੀ ਸੁਪਰੀਮੋ ਭੈਣ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਰਾਸ਼ਟਰੀ ਜਨਰਲ ਸਕੱਤਰ ਤੇ ਇੰਚਰਾਜ਼ ਪੰਜਾਬ ਨਰਿੰਦਰ ਕਸ਼ਯਪ, ਸੂਬਾ ਪ੍ਰਧਾਨ ਸ.ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਅਤੇ ਜਲੰਧਰ ਡਵੀਜ਼ਨ ਦੇ ਇੰਚਾਰਜ਼ ਮਾ.ਹਰਭਜਨ ਸਿੰਘ ਬਲਾਲੋਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਜ਼ਿੰਮੇਵਾਰੀ ਮੈਨੂੰ ਸੋਂਪੀ ਹੈ, ਮੈਂ ਉਸ ਪੂਰੀ ਇਮਾਤਨਦਾਰੀ ਤੇ ਲਗਨ ਨਾਲ ਨਿਭਾਵਾਂਗਾ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰਾਂਗਾ।

## ਅਫ਼ਗਾਨਿਸਤਾਨ 'ਚ ਸਿੱਖਾਂ ਦਾ ਉਜਾੜਾ

ਕਾਬੁਲ- ਅਫ਼ਗਾਨਿਸਤਾਨ ਦਾ ਸਿੱਖ ਭਾਈਚਾਰਾ ਮੁਲਕ ਦੇ ਹਾਲਾਤ ਤੋਂ ਦੁਖੀ ਹੋ ਕੇ ਦੇਸ਼ ਛੱਡਣ ਨੂੰ ਤਰਜੀਹ ਦੇ ਰਿਹਾ ਹੈ। ਆਪਣੇ ਜਨਮ ਅਸਥਾਨ 'ਤੇ ਹੋ ਰਹੇ ਵਿਤਕਰੇ ਕਾਰਨ ਸਿੱਖ ਦਰ ਬਦਰ ਹੋਣ ਨੂੰ ਮਜਬੂਰ ਹਨ।1990 ਦੇ ਦਹਾਕੇ 'ਚ ਅਫ਼ਗਾਨਿਸਤਾਨ 'ਚ ਸਿੱਖਾਂ ਦੀ ਆਬਾਦੀ ਇਕ ਲੱਖ ਦੇ ਕਰੀਬ ਸੀ ਪਰ ਹੁਣ ਅੰਦਾਜ਼ਨ 2500 ਸਿੱਖ ਹੀ ਰਹਿ ਗਏ ਹਨ। ਮੁਸਲਿਮ ਮੁਲਕ 'ਚ ਸਮਾਜ ਦੇ ਵਿਤਕਰੇ ਅਤੇ ਉਥੋਂ ਦੇ ਕੱਟੜਪੰਥੀਆਂ ਵੱਲੋਂ ਸਿੱਖ ਘਰਾਂ, ਕਾਰੋਬਾਰ ਅਤੇ ਗੁਰਦੁਆਰਿਆਂ 'ਤੇ ਗ਼ੈਰ ਕਾਨੂੰਨੀ ਤੌਰ 'ਤੇ ਕਬਜ਼ੇ ਕਰ ਲਏ ਗਏ। 23 ਵਰ੍ਹਿਆਂ ਦੇ ਫਾਰਮਾਸਿਸਟ ਚਰਨ ਸਿੰਘ ਨੇ ਕਿਹਾ,''ਮੈਨੂੰ ਫਿਕਰ ਹੈ ਕਿ ਜੇਕਰ ਹਾਲਾਤ ਨਾ ਬਦਲੇ ਤਾਂ ਇਥੇ ਟਿਕਣਾ ਮੁਸ਼ਕਲ ਹੈ। ਬਸ ਉਹੋ ਲੋਕ ਇਥੇ ਰਹਿ ਜਾਣਗੇ ਜਿਨ੍ਹਾਂ ਦਾ ਮੁਲਕ ਛੱਡਣਾ ਮੁਸ਼ਕਲ ਹੈ।'' ਉਸ ਦੇ ਪੁਰਖੇ ਇਸ ਮੁਲਕ ਦੇ ਗਾਰਡੇਜ਼ 'ਚ 400 ਸਾਲ ਪਹਿਲਾਂ ਪੁੱਜੇ ਸਨ।

## ਪੰਜਾਬ ਸਰਕਾਰ ਦਾਲਾਂ ਦੀ ਖੇਤੀ ਨੂੰ ਕਰੇਗੀ ਹੋਰ ਉਤਸ਼ਾਹਿਤ

### ਰਾਜ ਸਰਕਾਰ ਦਾਲਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ 'ਪਲਸਜ਼ ਡਰਿਲ' ਦੀ ਖਰੀਦ 'ਤੇ ਦੇਵੇਗੀ ਸਬਸਿਡੀ - ਬੱਬੇਹਾਲੀ

**ਬਟਾਲਾ (ਨਰਿੰਦਰ ਸਿੰਘ ਬਰਨਾਲਾ)-** ਪੰਜਾਬ ਸਰਕਾਰ ਰਾਜ ਦੇ ਗਰੀਬ ਲੋਕਾਂ ਨੂੰ ਪ੍ਰੋਟੀਨ ਦੀ ਲੋੜ ਨੂੰ ਪੂਰਾ ਕਰਨ ਅਤੇ ਰਾਜ ਨੂੰ ਆਤਮ ਨਿਰਭਰ ਬਨਾਉਣ ਲਈ ਦਾਲਾਂ ਦੀ ਖੇਤੀ ਨੂੰ ਉਤਸਾਹਿਤ ਕਰਨ ਲਈ ਇਕ ਨਿਵੇਕਲੀ ਸਕੀਮ ਨੂੰ ਲਾਗੂ ਕਰਨ ਜਾ ਰਹੀ ਹੈ। ਇਸ ਸਕੀਮ ਤਹਿਤ ਰਾਜ ਸਰਕਾਰ ਸਾਲ 2015-16 ਦੌਰਾਨ ਦਾਲਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ 'ਪਲਸਜ਼ ਡਰਿਲ' ਸਬਸਿਡੀ ਵੀ ਮੁਹੱਈਆ ਕਰਵਾਏਗੀ। ਇਸ ਪ੍ਰੋਗਰਾਮ ਤੇ ਲਗਭਗ 148.79 ਮੀਲੀਅਨ ਰੁਪਏ ਲਾਗਤ ਆਉਣ ਦਾ ਅਨੁਮਾਨ ਹੈ। ਇਸ ਸਕੀਮ ਲਈ ਹਰ ਇਕ ਜਿਲੇ ਵਿਚੋਂ ਇਕ ਤਹਸੀਲ ਦੀ ਚੋਣ ਕੀਤੀ ਜਾਵੇਗੀ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਖੇਤੀਬਾੜੀ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਸ. ਗੁਰਬਚਨ ਸਿੰਘ ਬੱਬੇਹਾਲੀ ਨੇ ਦੱਸਿਆ ਕਿ ਇਸ ਸਕੀਮ ਦਾ ਮੁੱਖ ਮੰਤਵ ਦੂਜੇ ਰਾਜਾ ਤੋਂ ਮੰਗਵਾਈਆਂ ਜਾਣ ਵਾਲੀਆਂ ਦਾਲਾਂ ਨੂੰ ਘਟਾਉਣਾ ਹੈ, ਤਾਂ ਕਿ ਕਿਸਾਨ ਕਣਕ ਝੋਨੇ ਕਪਾਹ ਦੇ ਫਸਲੀ ਚੱਕਰ ਤੋਂ ਬਾਹਰ ਨਿਕਲ ਸਕਣ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਸਾਲ ਯੂਨਾਈਟਿਡ ਸਟੇਟ ਖੇਤੀਬਾੜੀ ਵਿਭਾਗ ਦੀ ਰਿਪੋਰਟ ਦੇ ਮੱਦੇਨਜ਼ਰ ਪੰਜਾਬ ਵਿਚ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਸੰਭਾਲਣ ਲਈ ਜਰੂਰੀ ਹੈ ਕਿ ਵੱਧ ਤੋਂ ਵੱਧ ਰਕਬਾ ਦਾਲਾਂ ਅਧੀਨ ਲਿਆਂਦਾ ਜਾ ਸਕੇ। ਸ. ਬੱਬੇਹਾਲੀ ਨੇ ਕਿਹਾ ਕਿ ਆਮ ਕਰਕੇ 'ਗਰੇਨ ਡਰਿਲ' ਤੇ 'ਸੀਡ ਡਰਿਲ' ਇਕ ਬੀਜਣ ਵਾਲਾ ਯੰਤਰ ਹੈ ਅਤੇ ਉਹ ਸਹੀ ਦਿਸ਼ਾ 'ਚ ਬੀਜ਼ ਬੀਜਣ ਅਤੇ ਮਿੱਟੀ ਦੁਆਰਾ ਕਵਰ ਕਰਨ 'ਚ ਮੱਦਦਗਾਰ ਹੈ। ਜਿਨ੍ਹਾ ਕਿਸਾਨਾਂ ਕੋਲ 5-25 ਏਕੜ ਜਮੀਨ ਹੈ ਉਹ ਇਹ ਡ੍ਰਿਲਾਂ ਲੈਣ ਦੇ ਹੱਕਦਾਰ ਹਨ। ਇਹ ਮਸ਼ੀਨ ਸੀਡ ਹਾਪਰ ਅਸਲ ਵਿਚ 2000 ਬੀਸੀ ਨੂੰ ਮਹਿਸੋਪਟਾਮੀਆਂ ਵਿਚ ਇਸ ਦੀ ਖੋਜ ਕੀਤੀ ਗਈ ਸੀ। ਪਹਿਲਾਂ ਖੇਤੀ ਹੱਲ ਨਾਲ ਵਾਹ ਕੇ ਬੀਜ ਦਾ ਛੱਟਾ ਦਿੱਤਾ ਜਾਂਦਾ ਸੀ, ਪਰ ਨਿਵੇਕਲੀ, ਤਕਨੀਕੀ ਮਸ਼ੀਨੀ ਕਰਨ ਰਾਹੀਂ ਬੀਜ ਸਹੀ ਢੰਗ ਨਾਲ ਅਤੇ ਸਹੀ ਵਿੱਥ ਤੇ ਬੀਜਿਆ ਜਾਂਦਾ ਹੈ। ਇਸ ਸੀਡ ਡਰਿਲ ਰਾਹੀਂ ਬਿਜਾਈ ਨਾਲ ਯਕੀਨੀ ਤੌਰ 'ਤੇ ਦਾਲਾਂ ਦੀ ਖੇਤੀ ਦੀ ਪੈਦਾਵਾਰ ਵੱਧ ਹੋਵੇਗੀ। ਮੁੱਖ ਸੰਸਦੀ ਸਕੱਤਰ ਸ. ਬੱਬੇਹਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਨਵੀਂ ਯੋਜਨਾਂ ਦੇ ਤਹਿਤ ਮਾਡਰਨ ਪ੍ਰੋਡਕਸ਼ਨ ਤਕਨਾਲੋਜੀ ਰਾਹੀਂ ਵਿਕਸਿਤ ਕੀਤੇ ਪ੍ਰਮਾਣਿਤ ਬੀਜਾਂ ਨੂੰ ਸਬਸਿਡੀ ਤੇ ਮੁਹੱਈਆ ਕਰਵਾਏਗੀ ਅਤੇ ਰਾਜ ਦੇ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਵਿਚ ਇਸ ਨਵੀ ਤਕਨੀਕ ਰਾਹੀਂ ਦਾਲਾਂ ਦੀ ਬਿਜਾਈ ਲਈ ਸਹੀ ਸਮੇਂ ਦੀ ਚੋਣ ਸਬੰਧੀ ਜਾਣੂ ਕਰਵਾਏਗੀ।



ਲੈਕਚਰਾਰ ਰਜਿੰਦਰ ਸਿੰਘ ਤੇ ਪ੍ਰਿੰਸੀਪਲ ਪਰਮਜੀਤ ਕੌਰ (ਬਟਾਲਾ) ਨੂੰ ਵਰੇ ਗੰਢ ਦੀਆਂ ਵਧਾਈਆਂ

# ਸ: ਚਰਨਜੀਤ ਸਿੰਘ ਪੰਨੂ ਯੂ: ਐਸ: ਏ ਨਾਲ ਸਾਹਿਤਕ ਮਿਲਣੀ ਦਾ ਆਯੋਜਨ

## ਪੰਨੂ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ 13 ਪੁਸਤਕਾਂ ਪਾਈਆਂ

ਫਗਵਾੜਾ, (ਬੀ. ਕੇ. ਰੱਤੂ)- ਪ੍ਰੀਤ ਸਾਹਿਤ ਸਭਾ ਫਗਵਾੜਾ ਵਲੋਂ ਉੱਘੇ ਸਾਹਿਤਕਾਰ ਸ: ਚਰਨਜੀਤ ਸਿੰਘ ਪੰਨੂ ਯੂ: ਐਸ: ਏ ਨਾਲ ਸਾਹਿਤਕ ਮਿਲਣੀ ਦਾ ਆਯੋਜਨ ਸ: ਸੋਹਣ ਸਿੰਘ ਭਿੰਡਰ ਦੇ ਨਿਵਾਸ ਸਥਾਨ ਅਰਬਨ ਅਸਟੇਟ ਫਗਵਾੜਾ ਵਿਖੇ ਹੋਇਆ। ਜਿਸਦੀ ਪ੍ਰਧਾਨਗੀ ਸਾਧੂ ਸਿੰਘ ਜੱਸਲ, ਡਾ: ਜਗੀਰ ਸਿੰਘ ਨੂਰ, ਰਵਿੰਦਰ ਰਾਏ, ਪ੍ਰਿੰ: ਭਜਨ ਸਿੰਘ ਵਿਰਕ ਅਤੇ ਸੋਹਣ ਸਹਿਜਲ ਨੇ ਸਾਂਝੇ ਤੌਰ ਤੇ ਕੀਤੀ। ਸ਼ੈਸ਼ਨ ਦੇ ਪਹਿਲੇ ਪੜ੍ਹਾਅ ਦੌਰਾਨ ਜਿਥੇ ਲੇਖਕ ਦੇ ਭਾਰਤ ਵਿਚਲੇ ਸਾਹਿਤਕ ਸਫ਼ਰ ਬਾਰੇ ਭਰਪੂਰ ਚਰਚਾ ਕੀਤੀ, ਉਥੇ ਵਿਦੇਸ਼ ਵਿੱਚ ਵੀ ਕਲਮ ਦੀ ਨਿਰੰਤਰਤਾ ਨੂੰ ਜਾਰੀ ਰੱਖਦਿਆ ਸਾਹਿਤਕ ਪਿੜ ਅੰਦਰ ਮਾਰੀਆਂ ਮੱਲਾਂ ਖ਼ੂਬ ਚਰਚਾ ਹੋਈ। ਇੱਕ ਨਾਵਲ, ਛੇ ਕਹਾਣੀ ਸੰਗ੍ਰਹਿ , ਚਾਰ ਕਾਵਿ ਸੰਗ੍ਰਹਿ, ਦੋ ਸਫ਼ਰਨਾਮੇ ਦੇ ਰਚੇਤਾ ਸ: ਪੰਨੂ ਨੇ ਵੱਖ ਵੱਖ ਵਿਧਾਵਾਂ ਨੂੰ ਅਪਨਾਉਂਦੇ ਹੋਏ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ 13 ਪੁਸਤਕਾਂ ਪਾਈਆਂ। ਲੇਖਕ ਵਲੋਂ ਅਮਰੀਕਾ ਦੇ ਲੋਕਾਂ ਬਾਰੇ, ਖਾਸ ਕਰਕੇ ਪ੍ਰਵਾਸੀ ਭਾਰਤੀਆਂ ਦੇ ਜੀਵਨ ਬਾਰੇ ਆਪਣੀਆਂ ਰਚਨਾਵਾਂ ਰਾਹੀਂ ਬਹੁਤ ਹੀ ਖ਼ੂਬਸੂਰਤੀ ਨਾਲ ਚਿਤਰਨ ਕੀਤਾ।



ਸ਼ੈਸ਼ਨ ਦੇ ਦੂਜੇ ਪੜਾਅ ਵਿੱਚ ਵੱਖ ਵੱਖ ਬੁਲਾਰਿਆਂ ਅਤੇ ਕਵੀਆਂ ਨੇ ਆਪਣੇ ਵਿਚਾਰ ਅਤੇ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਸ: ਪੰਨੂ ਨੂੰ ਸਭਾ ਵਲੋਂ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਪ੍ਰਮੁੱਖ ਸ਼ਖਸੀਅਤਾਂ, ਸਾਹਿਤਕਾਰਾਂ ਤੇ ਕਵੀਆਂ ਵਿੱਚ ਭਗਤ ਰਾਮ ਲੈਕਚਰਾਰ, ਵਰਿੰਦਰ ਸਿੰਘ ਕੰਬੋਜ਼, ਜਸਵਿੰਦਰ ਸਿੰਘ ਭਗਤਪੁਰਾ, ਹਰਚਰਨ ਭਾਰਤੀ, ਆਲਮ ਰੱਤੂ, ਸੁਖਦੇਵ ਸਿੰਘ ਗੰਢਵਾਂ, ਸੋਹਣ ਸਿੰਘ ਭਿੰਡਰ, ਆਰ. ਐਲ. ਜੱਸੀ, ਸੋਢੀ ਰਾਮ ਭਬਿਆਣਾ, ਲਸ਼ਕਰ ਢੰਡਵਾੜਵੀ, ਅਜੀਤਪਾਲ ਸਿੰਘ ਕੋਚਰ, ਰਵਿੰਦਰ ਚੋਟ, ਸੀਤਲ ਬੰਗਾ, ਹੰਸਰਾਜ ਬੰਗੜ, ਗੁਰਮੁੱਖ ਮਾਧੋਪੁਰ, ਜੰਗ ਬਹਾਦਰ ਸਿੰਘ ਭਿੰਡਰ, ਪ੍ਰੋ: ਸਿਆਲ, ਪ੍ਰੋ: ਕਸ਼ਮੀਰ ਸਿੰਘ, ਡਾ: ਤਰਲੋਕ ਸਿੰਘ, ਸ: ਬਲਵੰਤ ਸਿੰਘ ਨਾਚੀਜ਼, ਗੁਰਚਰਨ ਬੱਧਣ, ਤਰਸੇਮ ਸਾਕੀ, ਮਹਿੰਦਰ ਪੁੰਜ, ਅਸਵਨੀ ਅਨਜਾਣ, ਡਾ: ਕਿਸ਼ੋਰ ਲਾਹੜ, ਡਾ: ਕੁਲਵੰਤ ਸਿੰਘ ਭਿੰਡਰ, ਰਾਮ ਪ੍ਰਕਾਸ਼ ਟੋਨੀ, ਰਿਖੀ ਰੰਧਾਵਾ ਐਚ. ਐਲ. ਅਰੋੜਾ, ਪਰਮਜੀਤ ਸਿੰਘ ਕਾਨੂੰਗੋ, ਦਵਿੰਦਰ ਸਿੰਘ ਅਤੇ ਕੇ. ਕੇ. ਕੰਡਾ ਹਾਜ਼ਰ ਸਨ।




## ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 30ਵਾਂ ਸਥਾਪਨਾ ਦਿਵਸ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ (ਸ਼ੁੱਕਰਵਾਰ) ਸਵੇਰੇ 9 ਵਜੇ

ਨਿਸ਼ਾਨ ਸਾਹਿਬ ਦੀ ਸੇਵਾ ਸ਼ਨਿਚਰਵਾਰ 27 ਜੂਨ ਨੂੰ ਸਵੇਰੇ 11.30 ਵਜੇ ਹੋਵੇਗੀ

ਭੋਗ ਸ੍ਰੀ ਅਖੰਡ ਪਾਠ ਸਾਹਿਬ 28 ਜੂਨ (ਐਤਵਾਰ) ਸਵੇਰੇ 9 ਵਜੇ

ਭੋਗ ਤੋਂ ਬਾਅਦ 1.30 ਵਜੇ ਤੱਕ ਕੀਰਤਨ ਦੀਵਾਨ ਸਮਾਗਮ ਹੋਵੇਗਾ

ਗੁਰੂ ਘਰ ਵੱਲੋਂ ਸੁਖਮਨੀ ਸਾਹਿਬ ਦਾ ਪਾਠ

**14 ਜੂਨ, 2015**

ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ

**21 ਜੂਨ, 2015**

### ਭਾਈ ਰਛਪਾਲ ਰੱਤੂ ਵੱਲੋਂ ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ

**5 ਜੁਲਾਈ 2015**

ਭਾਈ ਰਛਪਾਲ ਰੱਤੂ ਅਤੇ ਬੀਬੀ ਤੋਸ਼ਾ ਰਾਣੀ ਰੱਤੂ ਵੱਲੋਂ ਆਪਣੇ ਸਪੁੱਤਰ ਮਾਈਕਲ ਰੱਤੂ ਦੇ ਸਹਿਯੋਗ ਨਾਲ ਆਪਣੀ ਲੜਕੀ ਮਨੀਸ਼ਾ ਰੱਤੂ ਦੁਆਰਾ ਹਾਈ ਸਕੂਲ ਗ੍ਰੈਜੂਏਸ਼ਨ ਕਰਨ ਦੇ ਸ਼ੁਕਰਾਨੇ ਵਜੋਂ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਕਰਵਾਈ ਜਾ ਰਹੀ ਹੈ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਬੱਚੀ ਨੂੰ ਆਸ਼ੀਰਵਾਦ ਦਿਓ।

## ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਸੇਵਾ ਭਾਈ ਸੁਰਜੀਤ ਸਿੰਘ ਅਤੇ ਕਮਲਜੀਤ ਕੌਰ ਰੱਤੂ ਵੱਲੋਂ

## 12 ਜੁਲਾਈ 2015

ਭਾਈ ਸੁਰਜੀਤ ਸਿੰਘ ਰੱਤੂ ਅਤੇ ਬੀਬੀ ਕਮਲਜੀਤ ਕੌਰ ਰੱਤੂ ਦੁਆਰਾ ਉਹਨਾਂ ਦੀ ਸਪੁੱਤਰੀ ਹਰਪ੍ਰੀਤ ਕੌਰ (ਹਰਬੰਸ ਸਿੰਘ ਅਤੇ ਗਿਆਨ ਰੱਤੂ ਦੀ ਪੋਤੀ) ਦੇ 18ਵੇਂ ਜਨਮ ਦਿਨ ਦੇ ਸੰਦਰਭ ਵਿਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ। ਸਮੂਹ ਪਰਿਵਾਰ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਬੱਚੀ ਹਰਪ੍ਰੀਤ ਕੌਰ ਨੂੰ ਆਸ਼ੀਰਵਾਦ ਦਿਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਕਤ ਦਿਹਾੜਿਆਂ ਮੌਕੇ ਗੁਰੂ ਘਰ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਕਥਾ-ਕੀਰਤਨ ਦਾ ਆਨੰਦ ਲੈਂਦਿਆਂ ਵਿਦਵਾਨਾਂ ਦੇ ਵਿਚਾਰ ਸੁਣੋ।**

ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਟਾਲ ਅਤੇ ਲੰਗਰ ਜਾਂ ਹੋਰ ਸੇਵਾ ਲਈ ਸੰਪਰਕ ਕਰੋ
ਦਿਲਬਾਗ ਸਿੰਘ (ਜਨਰਲ ਸਕੱਤਰ 209-834-4641
ਅਭਿਸ਼ੇਕ ਪਾਲ (ਸਹਾਇਕ ਸਕੱਤਰ) 925-695-4639

ਨੋਟ: ਗੁਰੂ ਘਰ ਦੀ ਨਵੀਂ ਕਮੇਟੀ ਦੀ ਚੋਣ 2015-2016 ਦੇ ਲਈ ਜੁਲਾਈ ਵਿਚ ਹੋਵੇਗੀ, ਇਸ ਕਰਕੇ ਆਪਣੀ ਮੈਂਬਰਸ਼ਿਪ ਰਿਨਿਊ ਕਰਵਾਉਣਾ ਨਾ ਭੁੱਲੋ

**Sewadars**

| Chairman | President | General Secretary | Treasurer |
|---|---|---|---|
| Faqira Mehmi | Ramesh Suman | Dilbag Singh | Narinder Chahal |
| (925)698.1341 | (925) 366.3618 | (209)834-4641 | (209)627.7974 |

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਮਨਾਇਆ ਡਾ.ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




























# ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵੇਂ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਸਾਡੇ ਸਭ ਦੇ ਇਹ ਧੰਨ ਭਾਗ ਹਨ ਕਿ ਅੱਜ ਤੋਂ 30 ਸਾਲ ਪਹਿਲਾਂ ਜਿਹਨਾਂ ਮਾਣਯੋਗ ਬਜ਼ੁਰਗਾਂ ਨੇ ਇਹ ਸੋਚਿਆ ਕਿ ਸਾਡੇ ਵੀ ਸਤਿਗੁਰੂ ਦੇ ਨਾਂ ਤੇ ਕੋਈ ਧਾਰਮਿਕ ਸਥਾਨ ਹੋਵੇ ਤੇ ਉਹਨਾਂ ਇਸ ਗੁਰੂ ਘਰ ਦੀ ਸਥਾਪਨਾ ਕਰਕੇ ਉਤਰੀ ਅਮਰੀਕਾ ਵਿਚ ਇਹ ਪਹਿਲਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸ-ਬਰਗ (ਕੈਲੇਫੋਰਨੀਆ) ਬਣਾ ਕੇ ਇਕ ਨਵਾਂ ਇਤਿਹਾਸ ਰਚਿਆ, ਜਿਸ ਦੀ ਗੋਦ 'ਚ ਅਸੀਂ 30 ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਆਨੰਦ ਮਾਣਦੇ ਆ ਰਹੇ ਹਾਂ। ਅਸੀਂ ਉਹਨਾਂ ਬਜ਼ੁਰਗਾਂ ਨੂੰ ਨਮਸਕਾਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਇਹ ਨੇਕ ਉਦਮ ਕੀਤਾ ਅਤੇ ਉਹਨਾਂ ਦਾ ਵੀ ਧੰਨਵਾਦ ਕਰਦੇ ਹਾਂ ਜੋ ਪਰਿਵਾਰ ਗੁਰੂ ਘਰ ਦੀ ਡਿਵੈਲਪਮੈਂਟ ਲਈ ਆਪਣੀ ਨੇਕ ਕਮਾਈ 'ਚੋਂ ਸੇਵਾ ਕੀਤੀ ਜਾਂ ਕਰਦੇ ਆ ਰਹੇ ਹਨ।

ਵਾਹਿਗੁਰੂ ਸਭ ਦੇ ਖਜ਼ਾਨੇ ਭਰਪੂਰ ਰੱਖੇ ਤੇ ਹਰ ਖੁਸ਼ੀ ਨਸੀਬ ਹੋਵੇ। ਆਓ ਆਪਾਂ ਸਭ ਇਸੇ ਤਰ੍ਹਾਂ ਏਕਤਾ ਦਾ ਸਬੂਤ ਦਿੰਦੇ ਹੋਏ ਸਤਿਗੁਰੂਆਂ ਅਤੇ ਉਹਨਾਂ ਦਾ ਪਾਕ ਬਾਣੀ ਨੂੰ ਕਦੇ ਮਨੋਂ ਨਾ ਵਿਸਾਰੀਏ। ਆਪਣੇ ਆਪ ਤੇ ਪਰਿਵਾਰ ਦੇ ਮਨਾਂ ਅੰਦਰ ਇਕ ਦੂਸਰੇ ਲਈ ਪਿਆਰ/ਸਤਿਕਾਰ ਦੀ ਜੋਤ ਜਗਾਈਏ ਜੀ।





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਸਾਰੇ ਮਾਣਯੋਗ ਪਰਿਵਾਰਾਂ ਦਾ ਸਿਰੋਪਾਓ ਤੇ ਪਲੈਕਸ ਨਾਲ ਸਨਮਾਨ ਕੀਤਾ ਅਤੇ ਉਹਨਾਂ ਨੂੰ ਉਹ ਰਕਮ, ਚੈਕਾਂ ਰਾਹੀਂ ਵਾਪਸ ਕੀਤੀ ਗਈ, ਜਿਹਨਾਂ-ਜਿਹਨਾਂ ਪਰਿਵਾਰਾਂ ਨੇ ਗੁਰੂ ਘਰ ਦੀ ਬਿਲਡਿੰਗ/ਡਿਵੈਲਪਮੈਂਟ ਲਈ ਮਾਇਆ ਦਾ ਯੋਗਦਾਨ ਪਾਇਆ ਸੀ।

# ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵੇਂ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਂ ਤੇ ਉਸਾਰੇ ਗਏ ਗੁਰੂ ਘਰ (ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਕੈਲੇਫੋਰਨੀਆ) ਦੇ 30ਵੇਂ ਸਥਾਪਨਾ ਦਿਵਸ ਦੇ ਸ਼ੁਭ ਦਿਹਾੜੇ ਉਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਜੀ ਨੂੰ ਸਮੂਹ ਰੱਤੂ ਪਰਿਵਾਰ ਵੱਲੋਂ ਹਾਰਦਿਕ ਵਧਾਈ ਹੋਵੇ ਜੀ। ਸਤਿਗੁਰੂ ਕਿਰਪਾ ਕਰਨ ਕਿ ਸਾਡੇ ਸਭਨਾਂ ਦੇ ਮਨਾਂ ਅੰਦਰ ਆਪਸੀ ਪ੍ਰੇਮ ਭਾਵਨਾ, ਏਕਤਾ ਅਤੇ ਸਤਿ ਸੰਤੋਖ ਦਾ ਵਾਸਾ ਹੋਵੇ ਅਤੇ ਸਭ ਰਲ ਮਿਲ ਕੇ ''ਸਤਿਗੁਰੂ ਦੀ ਸੇਵਾ ਸਫਲ ਹੈ'' ਸ਼ਬਦ ਨੂੰ ਮਨ 'ਚ ਵਸਾ ਲਈਏ ਤੇ ਇਸੇ ਤਰ੍ਹਾਂ ਸੇਵਾ ਕਰਦੇ ਜਾਈਏ।

**ਸ੍ਰੀਮਤੀ ਸੱਤਿਅਮਤੀ ਰੱਤੂ ਜੀ**
**ਸ੍ਰੀ ਗੁਰਨਾਮ ਸਿੰਘ ਰੱਤੂ**
ਤੇ ਉਹਨਾਂ ਦਾ ਸਮੂਹ ਪਰਿਵਾਰ

# ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 30ਵੇਂ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਧੰਨ ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਂ ਤੇ ਉਸਾਰੇ ਗਏ ਗੁਰੂਘਰ (ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਕੈਲੇਫੋਰਨੀਆ) ਦੇ 30ਵੇਂ ਸਥਾਪਨਾ ਦਿਵਸ ਦੇ ਸ਼ੁਭ ਦਿਹਾੜੇ ਉਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਜੀ ਨੂੰ ਸਮੂਹ ਬੰਗੜ ਪਰਿਵਾਰ ਵੱਲੋਂ ਹਾਰਦਿਕ ਵਧਾਈ ਹੋਵੇ ਜੀ।

ਜਿਹਨਾਂ ਜਿਹਨਾਂ ਫਾਊਂਡਿੰਗ ਮੈਂਬਰ ਸਾਹਿਬਾਨ ਤੇ ਉਹਨਾਂ ਤੋਂ ਬਾਅਦ ਜਿਹਨਾਂ-ਜਿਹਨਾਂ ਪਰਿਵਾਰਾਂ ਨੇ ਗੁਰੂ ਘਰ ਦੀ ਡਿਵੈਲਪਮੈਂਟ ਲਈ ਹੁਣ ਤੱਕ ਆਪਣੀ ਦਸਾਂ ਨਹੁੰਆਂ ਦੀ ਨੇਕ ਕਮਾਈ ਵਿਚੋਂ ਯੋਗਦਾਨ ਪਾਇਆ, ਉਹ ਸਭ ਵਧਾਈ ਦੇ ਪਾਤਰ ਹਨ। ਵਾਹਿਗੁਰੂ ਸਭਨਾਂ ਨੂੰ ਹਰ ਖੁਸ਼ੀ ਬਖਸ਼ਿਸ਼ ਕਰੇ ਅਤੇ ਇਸੇ ਤਰ੍ਹਾਂ ਸੇਵਾ ਕਮਾਉਂਦੇ ਰਹਿਣ।

**ਸ਼੍ਰੀਮਤੀ ਸ਼ਕੁੰਤਲਾ ਬੰਗੜ**
**ਸ੍ਰੀ ਹਰਮੇਸ਼ ਬੰਗੜ**
ਵਾਈਸ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ,



# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।



Bhajji Gill
(510-277-6315),
Chain Gill
510-542-1181

42400 Boyce Rd., Unite F, Fremont, CA 94538

Truck, Trailer Repair & Tyre Servicse

# Grant Line Insurance Agency, Inc.

## DBA Sky High Insurance Agency

One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com



ਮਨਦੀਪ ਬਿਆੜਾ
ਏਜੰਟ
209-666-0032



ਜਸਵੀਰ ਕੌਰ
ਬਰੋਕਰ
925-895-8140



ਗਗਨਦੀਪ ਸਿੰਘ
ਏਜੰਟ
925-724-7070



ਹਰਮਨ ਸਿੰਘ
ਏਜੰਟ
510-415-8154

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਰਾਮਾਨੰਦ ਜੀ ਦੀ ਛੇਵੀਂ ਬਰਸੀ ਬਹੁਤ ਸ਼ਰਧਾ ਪੂਰਵਕ ਮਨਾਈ ਗਈ













**ਸੈਕਰਾਮੈਂਟੋ (ਡੀ. ਡੀ. ਬੀ.)**

ਭਾਰਤੀ ਪੰਜਾਬ ਦੇ ਦੁਆਬੇ ਦੀ ਧਰਤੀ ਤੇ ਡੇਰਾ ਸੰਤ ਸਰਵਨ ਦਾਸ ਜੀ ਸੱਚਖੰਡ ਬੱਲਾਂ ਜ਼ਿਲ੍ਹਾ ਜਲੰਧਰ ਦਾ ਆਪਣਾ ਇਕ ਨਾਂ ਹੈ। ਸੰਤ ਸਵਰਨ ਦਾਸ ਜੀ ਨੇ ਆਪਣੇ ਪਿਤਾ ਜੀ ਨਾਂਲ ਬਾਲ ਉਮਰ 'ਚ ਮਾਲਵੇ ਦੀ ਧਰਤੀ ਤੋਂ ਆ ਕੇ ਦੁਆਬੇ ਦੇ ਇਸ ਪਿੰਡ ਵਿਚ ਡੇਰਾ ਜਮਾਇਆ ਅਤੇ ਘੋਰ ਤਪੱਸਿਆ ਕਰਕੇ ਅਧਿਆਤਮਕ, ਸਮਾਜਿਕ, ਵਿਦਿਅਕ ਅਤੇ ਆਪਣੇ ਆਪ ਨੂੰ ਆਰਥਿਕ ਤੌਰ ਤੇ ਮਜ਼ਬੂਤ ਹੋਣ ਲਈ ਆਪਣੇ ਸੇਵਕਾਂ ਨੂੰ ਪ੍ਰੇਰਦੇ ਰਹੇ ਤੇ ਇਹੀ ਕਾਰਨ ਕਿ ਕਈ ਉਹਨਾਂ ਦੇ ਸੇਵਕ ਵੱਡੀਆਂ-ਵੱਡੀਆਂ ਪੋਸਟਾਂ ਤੇ ਉਚ ਵਿੱਦਿਆ ਪ੍ਰਾਪਤ ਕਰਕੇ ਆਪਣੀ ਜ਼ਿੰਦਗੀ 'ਚ ਸੰਸਾਰਕ ਸੁੱਖ ਦਾ ਆਨੰਦ ਮਾਣਦੇ ਹੋਏ ਡੇਰੇ ਨਾਲ ਵੀ ਜੁੜੇ ਹਨ। ਸੰਤ ਸਰਵਨ ਦਾਸ ਜੀ ਦੀ ਆਪਣੀ ਅਧਿਆਤਮਕ ਕਮਾਈ ਨੇ ਜੋ ਉਸ ਵਕਤ ਦੇ ਆਪਣੇ ਸੇਵਕਾਂ ਨੂੰ ਮਾਰਗ ਦਿਖਾਇਆ, ਉਹ ਅੱਜ ਵੀ ਉਹਨਾਂ ਪ੍ਰਤੀ ਸ਼ਰਧਾ ਦੇ ਸੁੰਮਨ ਆਪਣੇ ਆਪਦੇ ਪਰਿਵਾਰਾਂ ਦੇ ਦਿਲਾਂ ਦੇ ਅੰਦਰ ਸਮਾਈ ਬੈਠੇ ਹਨ, ਚਾਹੇ ਉਹ ਸੇਵਕ ਭਾਰਤ ਵਿਚ ਹਨ ਜਾਂ ਫਿਰ ਵਿਦੇਸ਼ਾਂ 'ਚ ਵੱਸੇ ਹੋਏ ਹਨ। ਉਹ ਆਪਣੇ ਡੇਰੇ ਦੇ ਮੁਖੀਆਂ ਨੂੰ ਹਮੇਸ਼ਾ ਯਾਦ ਕਰਦੇ ਰਹਿੰਦੇ ਹਨ। ਇਸੇ ਹੀ ਲੜੀ 'ਚ ਬੀਤੇ ਐਤਵਾਰ 7 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਸੰਤ ਰਾਮਾਨੰਦ ਜੀ ਦੀ ਛੇਵੀਂ ਬਰਸੀ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਨੇ ਬਹੁਤ ਹੀ ਸ਼ਰਧਾ ਪੂਰਵਕ ਮਨਾਈ। ਜਿਸ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਨੇ ਪੂਰਾ ਸਾਥ ਦਿੱਤਾ।

ਇਸ ਮੌਕੇ ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਤੇ ਭਾਈ ਸਾਹਿਬ ਭਾਈ ਜਸਪਾਲ ਸਿੰਘ ਜੀ ਅਤੇ ਉਹਨਾਂ ਦੀ ਜੋੜੀ ਦਾ ਸਾਥ ਭਾਈ ਸਾਹਿਬ ਭਾਈ ਦਲਜੀਤ ਸਿੰਘ ਜੀ ਨੇ ਦਿੱਤਾ। ਇਸ ਗੁਰੂ ਘਰ ਦੇ ਜਥੇ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਸੰਤ ਰਾਮਾਨੰਦ ਜੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸੰਤਾਂ ਦੇ ਜੀਵਨ ਬਾਰੇ ਆਪਣੇ ਆਪਣੇ ਖਿਆਲੀ ਅੰਦਾਜ਼ 'ਚ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ, ਜਿਹਨਾਂ ਵਿਚ ਸਰਵ ਸ੍ਰੀ ਪਰਮਜੀਤ ਭੁੱਟਾ ਜੀ, ਤਵਿੰਦਰ ਕਾਜ਼ਲਾ, ਰਕੇਸ਼ ਚੰਦਰ ਇੰਜੀਨੀਅਰ, ਹੰਸ ਰਾਜ ਕਾਜਲਾ, ਸੋਨੂੰ ਅੰਬੇਦਕਰ, ਸੁੱਖ ਰਾਮ ਚੰਦੜ, ਰਾਜ ਕੁਮਾਰ ਸੂਦ ਆਦਿ ਬੁਲਾਰਿਆਂ ਨੇ ਸ਼ਰਧਾ ਦੇ ਸੁੰਮਨ ਭੇਂਟ ਕਰਦਿਆਂ ਹਾਜ਼ਰੀਆਂ ਲਗਵਾਈਆਂ। ਇਸ ਮੌਕੇ ਸਮਾਜ ਸੇਵੀ ਸ੍ਰੀਮਾਨ ਸੁੱਖ ਰਾਮ ਚੰਦੜ ਤਾਜਪੁਰੀ ਜੀ ਦਾ ਸਿਰੋਪਾਓ ਨਾਂਲ ਸਨਮਾਨ ਕੀਤਾ ਗਿਆ। ਇਹ ਸਨਮਾਨ ਉਹਨਾਂ ਦਾ ਅੱਜ ਦੇ ਸਮਾਗਮ ਨੂੰ ਮੁੱਖ ਰੱਖਦਿਆਂ ਕੀਤਾ ਗਿਆ। ਇਸ ਦੇ ਨਾਲ ਹੀ ਕਾਂਗਰਸਮੈਨ ਡਾ. ਐਮੀ ਬੈਰਾ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਲਈ ਭੇਜਿਆ ਗਿਆ ਸਨਮਾਨ ਪੱਤਰ ਯੂਨਾਈਟਿਡ ਅਵੇਅਰਨੈਸ ਕਮੇਟੀ ਵੱਲੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤਾ ਗਿਆ। ਸਟੇਜ ਦੀ ਸੇਵਾ ਸ੍ਰੀ ਰਾਜ ਕੁਮਾਰ ਸੂਦ ਨੇ ਬਾਖ਼ੂਬੀ ਨਾਲ ਨਿਭਾਈ ਅਤੇ ਗੁਰੂ ਘਰ ਦੀ ਕਮੇਟੀ ਅਤੇ ਯੂਨਾਈਟਿਡ ਅਵੇਅਰਨੈਸ ਕਮੇਟੀ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਕੜਾਅ ਪ੍ਰਸ਼ਾਦ ਵਰਤਾਏ ਗਏ।

# ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਦੀ ਸੰਗਤ ਵੱਲੋਂ 84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕਰਵਾਇਆ ਸ਼ਹੀਦੀ ਸਮਾਗਮ ਯਾਦਗਾਰੀ ਹੋ ਨਿੱਬੜਿਆ!



**ਫਰਿਜ਼ਨੋ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ)**

ਸਥਾਨਿਕ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਦੀ ਸਮੂਹ ਸੰਗਤ ਵੱਲੋਂ 84 ਦੇ ਸਮੂਹ ਸ਼ਹੀਦਾ ਦੀ ਯਾਦ ਵਿੱਚ ਸ਼ਾਨਦਾਰ ਸ਼ਹੀਦੀ ਸਮਾਗਮ ਐਤਵਾਰ ਦੇ ਦਿਨ ਖਾਸ ਦੀਵਾਨ ਸਜਾਕੇ ਮਨਾਇਆ ਗਿਆ। ਇਸ ਸਬੰਧ ਵਿੱਚ ਪਿਛਲੀ ਚਾਰ ਜੂਨ ਤੋਂ ਗੁਰੂ ਘਰ ਵਿੱਖੇ ਸਮਾਗਮ ਚੱਲ ਰਹੇ ਸਨ ਜਿਨ੍ਹਾਂ ਦੌਰਾਨ ਇਲਾਕੇ ਦੇ ਸਮੂਹ ਟਰੱਕ ਡਰਾਈਵਰ ਵੀਰਾ ਵੱਲੋਂ ਸ੍ਰੀ ਅਖੰਡ ਪਾਠ ਸਹਿਬ ਦੀ ਅਰੰਭਤਾ ਵੀ ਕਰਵਾਈ ਗਈ ਅਤੇ ਐਤਵਾਰ ਨੂੰ ਇਹਨਾਂ ਪਾਠਾਂ ਦੇ ਭੋਗ ਪਾਏ ਗਏ। ਇਸ ਦਿਨ ਸਵੇਰ ਤੋਂ ਹੀ ਸੰਗਤਾ ਦੀ ਚਹਿਲ ਪਹਿਲ ਗੁਰੂਘਰ ਵਿੱਖੇ ਵੇਖਣ ਨੂੰ ਮਿਲੀ।

ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਕਿਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲਾਖਾ ਪਾ ਰਿਹਾ ਸੀ। ਹਰ ਸਾਲ ਦੀ ਤਰਾਂ ਇਸ ਸਾਲ ਵੀ ਕੈਲੇਫੋਰਨੀਆਂ ਬਲੱਡ ਸੈਂਟਰ ਤੋਂ ਖ਼ੂਨਦਾਨ ਕੈਂਪ ਲਾਉਣ ਲਈ ਸਟਾਫ ਪਹੁੰਚਿਆ ਹੋਇਆ ਸੀ ਅਤੇ ਸੰਗਤਾ ਵਿੱਚ ਖ਼ੂਨਦਾਨ ਕਰਨ ਲਈ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸੰਗਤਾ ਨੇ ਵੱਡੀ ਗਿਣਤੀ ਵਿੱਚ ਖ਼ੂਨਦਾਨ ਕਰਕੇ ਸ਼ਹੀਦਾ ਨੂੰ ਸਰਧਾਜ਼ਲੀ ਭੇਟ ਕੀਤੀ। ਇਸ ਮੌਕੇ ਟਰੱਕ ਡਰਾਈਵਰ ਵੀਰਾ ਵੱਲੋਂ ਸੰਤਰੇ ਦੇ ਜੂਸ ਦੀ ਸ਼ਪੈਸ਼ਲ ਸਟਾਲ ਵੀ ਲਾਈ ਗਈ ਸੀ ਜੋ ਸੰਗਤਾ ਲਈ ਖਾਸ ਖਿੱਚ ਦਾ ਕੇਂਦਰ ਬਣੀ ਰਹੀ।

ਇਸ ਮੌਕੇ ਤੇ ਪ੍ਰਬੰਧਕਾ ਵੱਲੋਂ ਬੱਚਿਆਂ ਦੇ ਗੁਰਬਾਣੀ ਕੰਠ, ਗੱਤਕੇ ਅਤੇ ਕੀਰਤਨ ਅਦਿ ਦੇ ਮੁਕਾਬਲੇ ਵੀ ਕਰਵਾਏ ਗਏ, ਅਤੇ ਜੇਤੂ ਬੱਚਿਆ ਨੂੰ ਗੁਰੂਘਰ ਦੇ ਪੰਜਾਬ ਸਕੂਲ ਦੇ ਟੀਚਰਾਂ ਅਤੇ ਮੁਖ ਸੇਵਾਦਾਰ ਭਾਈ ਅਵਤਾਰ ਸਿੰਘ ਵੱਲੋਂ ਇਨਾਮ ਵੀ ਵੰਡੇ ਗਏ। ਐਤਵਾਰ ਦੇ ਸ਼ਪੈਸ਼ਲ ਦੀਵਾਨ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਅਵਤਾਰ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਤਰਸੇਮ ਸਿੰਘ ਹਰਖੋਵਾਲ ਨੇ 84 ਦੇ ਖ਼ੂਨੀ ਸਾਕੇ ਨੂੰ ਯਾਦ ਕਰਦਿਆਂ ਸੰਗਤ ਦੇ ਰੌਗਕੇ ਖੜੇ ਕਰ ਦਿੱਤੇ।

ਸਿੱਖ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਲੁਧਿਆਣੇਂ ਵਾਲਿਆ ਨੇ ਕਥਾ ਦੁਆਰਾ ਸੰਗਤ ਨਾਲ ਸ਼ਬਦ ਦੀ ਸਾਝ ਪਾਉਦਿਆ ਗੁਰੂ ਨਾਨਕ ਪਾਤਸ਼ਾਹ ਤੋਂ ਲੈਕੇ 84 ਦੇ ਸ਼ਹੀਦੀ ਸਾਕੇ ਤੱਕ ਸੰਗਤਾ ਨੂੰ ਸੰਖੇਪ ਵਿੱਚ ਵਿਰਾਗਮਈ ਸਿੱਖ ਇਤਿਹਾਸ ਸੁਣਾਇਆ ਜਿਸ ਨੂੰ ਸੁਣਕੇ ਸੰਗਤ ਦੀਆਂ ਅੱਖਾਂ ਨਮ ਹੋ ਗਈਆ ਅਤੇ ਦੀਵਾਨ ਹਾਲ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਗੂਜ਼ ਉਠਿਆ।

ਅਖੀਰ ਨੂੰ ਅਰਦਾਸ ਪਿਛੋਂ ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾ ਨੇ ਗੁਰਦਵਾਰਾ ਨਾਨਕ ਪ੍ਰਕਾਸ਼ ਵਿੱਖੇ ਨਤਮਸਤਿਕ ਹੋਕੇ 84 ਦੇ ਸਮੂਹ ਸ਼ਹੀਦਾ ਨੂੰ ਸਰਧਾਜ਼ਲੀ ਅਰਪਿਤ ਕੀਤੀ ਅਤੇ ਭਾਈ ਪਿੰਦਰਪਾਲ ਸਿੰਘ ਅਤੇ ਭਾਈ ਤਰਸੇਮ ਸਿੰਘ ਨੂੰ ਸਿਰੋਪਾ ਦੇਕੇ ਨਿਵਾਜ਼ਿਆ ਗਿਆ।

# ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਧੁੱਗਾ ਐਲਮਿਡਾ ਕਾਉਂਟੀ ਦੇ ਕਮਿਸ਼ਨਰ ਨਿਯੁਕਤ



ਅਲਮੀਡਾ ਕਾਉਂਟੀ (ਕੈਲੇਫੋਰਨੀਆ)- ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਹਸਤੀ ਅਤੇ ਬਿਜਨਸਮੈਨ ਕਸ਼ਮੀਰ ਧੁੱਗਾ ਨੂੰ ਐਲਮੀਡਾ ਕਾਉਂਟੀ ਦੇ ਖਪਤਕਾਰ ਮਾਮਲਿਆਂ ਦਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਉਹਨਾਂ ਨੇ ਸਹੁੰ ਚੁੱਕ ਕੇ ਇਹ ਅਹੁਦਾ ਸੰਭਾਲ ਲਿਆ ਹੈ। ਕੈਸ਼ ਫੈਬਰਿਕਸ ਵਾਲੇ ਕਸ਼ਮੀਰ ਧੁੱਗਾ ਸਮਾਜ ਸੇਵਾ ਵਿਚ ਹਮੇਸ਼ਾ ਅੱਗੇ ਰਹਿੰਦੇ ਹਨ।

ਉਹ ਇਸ ਅਹੁਦੇ ਤੇ ਨਿਯੁਕਤ ਹੋ ਕੇ ਸਮਾਜ ਸੇਵਾ ਦਾ ਦਾਇਰਾ ਹੋਰ ਵਧਾ ਸਕਦੇ ਹਨ। ਖਪਤਕਾਰ ਮਾਮਲਿਆਂ ਦੇ ਕਮਿਸ਼ਨਰ ਦੀ ਸਥਾਨਕ ਸਰਕਾਰ ਵਿਚ ਅਹਿਮ ਭੂਮਿਕਾ ਹੁੰਦੀ ਹੈ। ਅਦਾਰਾ 'ਦੇਸ਼ ਦੁਆਬਾ' ਨਵੇਂ ਨਿਯੁਕਤ ਹੋਏ ਕਮਿਸ਼ਨਰ ਸ੍ਰੀ ਕਸ਼ਮੀਰ ਧੁੱਗਾ ਅਤੇ ਉਹਨਾਂ ਦੇ ਪਰਿਵਾਰ ਨੂੰ ਐਲਮੀਡਾ ਕਾਉਂਟੀ ਦਾ ਕਮਿਸ਼ਨਰ ਬਣਨ ਤੇ ਹਾਰਦਿਕ ਵਧਾਈ ਦਿੰਦਾ ਹੈ।

## ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ 'ਤੇ ਵਿਸ਼ੇਸ਼

# 'ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ'



ਪ੍ਰੋ: ਐਚ.ਐਲ.ਕਪੂਰ
01- 916- 587-4002

**ਭਾਰਤ** ਦੇਸ਼ ਜਦੋਂ ਵੀ ਆਪਣੇ ਆਜ਼ਾਦ ਹੋਣ 'ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਨ੍ਹਾਂ ਮਹਾਂ-ਪੁਰਸ਼ਾਂ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਹਜ਼ਾਰਾਂ ਅਜਿਹੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ 'ਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਦੇ ਪ੍ਰਮੁੱਖ ਕ੍ਰਾਂਤੀਕਾਰੀਆਂ 'ਚੋਂ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਦਾ ਜ਼ਰੂਰ ਨਾਂ ਲਿਆ ਜਾਂਦਾ ਹੈ।

ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਨੇ ਦੇਸ਼ ਦੇ ਨੌਜਵਾਨਾਂ 'ਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾ ਕੇ, ਅੱਗ ਨਾਲ ਆਜ਼ਾਦੀ ਦੀ ਲੜਾਈ ਲਈ, ਕੁੱਦਣ ਵਾਲੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇਕਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਇਹਨਾਂ ਦਾ ਸਾਥ ਦਿੰਦੇ ਤਾਂ ਦੇਸ਼ ਕੋਈ ਸੌ ਸਾਲ ਪਹਿਲਾਂ ਆਜ਼ਾਦ ਹੋ ਗਿਆ ਹੁੰਦਾ ਤੇ ਉਸ ਸਮੇਂ ਹੋਰ ਮਾਣ ਮਹਿਸੂਸ ਕਰਦੇ ਪ੍ਰੰਤੂ ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਨੂੰ 16 ਨਵੰਬਰ, 1915 ਨੂੰ ਉਹਨਾਂ ਦੇ ਛੇ ਹੋਰ ਸਾਥੀਆਂ, ਜਿਹਨਾਂ ਦੇ ਨਾਂ ਹਨ ਸਰਦਾਰ ਕਰਤਾਰ ਸਿੰਘ ਸਰਾਭਾ, ਸਰਦਾਰ ਬਖਸ਼ੀਸ਼ ਸਿੰਘ ਜ਼ਿਲ੍ਹਾ ਅੰਮ੍ਰਿਤਸਰ, ਸਰਦਾਰ ਹਰਨਾਮ ਸਿੰਘ ਜ਼ਿਲ੍ਹਾ ਸਿਆਲਕੋਟ, ਸਰਦਾਰ ਜਗਤ ਸਿੰਘ ਜ਼ਿਲ੍ਹਾ ਅੰਮ੍ਰਿਤਸਰ, ਸਰਦਾਰ ਸੁਰੈਣ ਸਿੰਘ-1, ਸਰਦਾਰ ਸੁਰੈਣ ਸਿੰਘ-2, ਦੋਵੇਂ ਜ਼ਿਲ੍ਹਾ ਅੰਮ੍ਰਿਤਸਰ, ਸਮੇਤ ਇਕੱਠਿਆਂ ਲਾਹੌਰ ਸੈਂਟਰਲ ਜੇਲ੍ਹ 'ਚ, ਇਸੇ ਹੀ ਦਿਨ ਫਾਂਸੀ ਲਗਾ ਕੇ ਸ਼ਹੀਦ ਕਰ ਦਿੱਤਾ, ਲੇਕਿਨ ਮਰਨ ਤੋਂ ਬਾਅਦ ਵੀ ਇਹ ਮਰੇ ਨਹੀਂ ਹਨ ਸਗੋਂ ਸਾਡੇ 'ਚ ਹਮੇਸ਼ਾ ਲਈ ਅਮਰ ਹਨ। ਅੱਜ ਦੇ ਨੇਤਾ ਜਿਹੜੇ ਕਿ ਛੱਲ-ਕਪਟ ਦੀ ਨੀਤੀ 'ਚ ਵਿਸ਼ਵਾਸ ਰੱਖਦੇ ਹਨ, ਨੂੰ ਇਹਨਾਂ ਮਹਾਨ ਸ਼ਖਸੀਅਤਾਂ ਤੋਂ ਚੰਗੇ ਆਦਰਸ਼ਾਂ ਦੀ ਪ੍ਰੇਰਨਾ ਲੈਣ ਦੀ ਜ਼ਰੂਰਤ ਹੈ।

ਵਿਸ਼ਨੂੰ ਗਣੇਸ਼ ਪਿੰਗਲੇ ਦਾ ਜਨਮ 2 ਜਨਵਰੀ 1888 ਈਸਵੀ ਨੂੰ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਪਿੰਡ ਤਲੇਗਾਂਮ ਦੰਮਧੇਰੇ ਵਿਖੇ ਇਕ ਬ੍ਰਾਹਮਣ ਪਰਿਵਾਰ 'ਚ ਹੋਇਆ। ਉਹ ਆਪਣੇ 9 ਭੈਣ-ਭਰਾਵਾਂ 'ਚੋਂ ਸਭ ਤੋਂ ਛੋਟਾ ਸੀ ਤੇ ਉਸ ਨੂੰ ਬਚਪਨ 'ਚ ਆਪਣੇ ਪਰਿਵਾਰ ਦਾ ਬਹੁਤ ਪਿਆਰ ਮਿਲਿਆ। 9 ਸਾਲ ਦੀ ਉਮਰ 'ਚ ਉਸ ਨੂੰ ਆਪਣੇ ਪਿੰਡ ਦੇ ਹੀ ਸਕੂਲ 'ਚ ਪੜ੍ਹਨ ਲਈ ਦਾਖਲ ਕਰਵਾਇਆ ਗਿਆ। ਸੰਨ 1905 'ਚ ਉਨ੍ਹਾਂ ਨੂੰ ਅਗਲੀ ਪੜ੍ਹਾਈ ਲਈ ਮਹਾਰਾਸ਼ਟਰ ਦੇ ਪੂਨਾ ਕਾਲਜ 'ਚ ਦਾਖਲ ਕਰਵਾਇਆ ਗਿਆ। ਇਹ ਕਾਲਜ ਉਸ ਸਮੇਂ ਬੰਬਈ ਯੂਨੀਵਰਸਿਟੀ ਦੇ ਅਧੀਨ ਸੀ। ਆਪਣੀ ਇਨ੍ਹਾਂ ਦਿਨਾਂ ਦੀ ਪੜ੍ਹਾਈ ਦੇ ਦੌਰਾਨ ਹੀ ਉਹ ਭਾਰਤ ਦੀ ਆਜ਼ਾਦੀ ਲਈ ਚੱਲ ਰਹੇ ਸੰਘਰਸ਼ ਤੋਂ ਪ੍ਰਭਾਵਿਤ ਹੋ ਗਏ ਤੇ ਉਸ ਸਮੇਂ ਦੀ ਇਸ ਲਹਿਰ ਦੇ ਆਗੂ ਵੀ. ਡੀ. ਸਾਵਰਕਰ ਨਾਲ ਮਿਲ ਗਏ। ਇਸ ਤੋਂ ਬਾਅਦ ਮਹਾਰਾਸ਼ਟਰਾ ਕਾਲਜ ਫੰਡਾਂ ਦੀ ਘਾਟ ਕਾਰਨ ਬੰਦ ਹੋ ਗਿਆ ਤੇ ਉਹ ਆਪਣੇ ਪਿੰਡ ਦੇ ਸਮਾਰਥਾ ਕਾਲਜ 'ਚ ਸੰਨ 1908 ਨੂੰ ਪੜ੍ਹਾਈ ਕਰਨ ਲਈ ਆ ਗਏ। ਇੱਥੇ ਪੜ੍ਹਾਈ ਦੇ ਦੌਰਾਨ ਹੀ ਉਹਨਾਂ ਨੇ ਇਸ ਆਜ਼ਾਦੀ ਦੇ ਕੌਮੀ ਸੰਘਰਸ਼ 'ਚ ਹਿੱਸਾ ਲੈ ਕੇ ਭਾਰਤ ਨੂੰ ਆਜ਼ਾਦ ਕਰਾਉਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ।

1910 'ਚ ਸਮਾਰਥਾ ਕਾਲਜ ਬ੍ਰਿਟਿਸ਼ ਸਰਕਾਰ ਨੇ ਬੰਦ ਕਰ ਦਿੱਤਾ ਤੇ ਉਹ ਬੰਬਈ ਆ ਗਏ ਤੇ ਉਨ੍ਹਾਂ ਨੇ ਇੱਥੇ ਮਾਹਿੰਮ ਵਿਖੇ ਸਥਿਤ 'ਗੋਬਿੰਦ ਰਾਓ ਪਾਈਨੀਅਰ ਅਲਕਲੀ ਵਰਕਸ' 'ਚ ਨੌਕਰੀ ਕਰ ਲਈ ਸ੍ਰੀ ਪੋਤਦਾਰ ਦੇਸ਼ ਭਗਤ ਤੇ ਰਾਸ਼ਟਰਵਾਦੀ ਖਿਆਲਾਂ ਦਾ ਆਦਮੀ ਸੀ ਤੇ ਉਹ ਵਿਸਫੋਟਕ ਪਦਾਰਥ ਬਣਾਉਣ 'ਚ ਬੜਾ ਨਿਪੁੰਨ ਸੀ। ਉਹ ਰਾਸ਼ਟਰਵਾਦੀ ਦੇਸ਼ ਭਗਤਾਂ ਦੀ ਪਾਰਟੀ ਨਾਲ ਸਬੰਧ ਰੱਖਦਾ ਸੀ ਤੇ ਉਸ ਨੇ ਵਿਸ਼ਨੂੰ ਗਣੇਸ਼ ਦੀ ਉਹਨਾਂ ਨਾਲ ਜਾਣ ਪਛਾਣ ਕਰਵਾ ਦਿੱਤੀ। ਉਨ੍ਹਾਂ ਦੇਸ਼ ਭਗਤਾਂ 'ਚੋਂ ਇਕ ਦਾ ਨਾਮ ਹਰੀ ਲਕਸ਼ਮਣ ਪਾਇਲ ਸੀ ਤੇ ਉਹ ਪੇਸ਼ੇ ਤੋਂ ਵਕੀਲ ਸੀ ਤੇ ਵਸਾਈ ਵਿਖੇ ਰਹਿੰਦਾ ਸੀ। ਉਸ ਨਾਲ ਵਿਸ਼ਨੂੰ ਗਣੇਸ਼ ਦੀ ਦੋਸਤੀ ਹੋ ਗਈ। ਜਿਸ ਸਮੇਂ 'ਸਵਦੇਸ਼ੀ ਲਹਿਰ' ਸਿਖਰਾਂ 'ਤੇ ਸੀ ਉਸ ਸਮੇਂ ਵਿਸ਼ਨੂੰ ਗਣੇਸ਼ ਜਾਪਾਨੀ ਖੱਡੀ ਉਦਯੋਗ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਵੀ ਲਤੂਰ ਨੇੜੇ, ਅਵਾਸ਼ਾ ਵਿਖੇ ਇਕ ਛੋਟੀ ਜਿਹੀ ਖੱਡੀ ਲਾ ਕੇ, ਕੱਪੜਾ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ, ਭਾਵੇਂ ਕਿ ਉਸ ਦਾ ਆਪਣਾ ਇਕ ਇੰਜੀਨੀਅਰ ਬਣਨ ਦਾ ਸੁਪਨਾ ਸੀ।

ਵਿਸ਼ਨੂੰ ਗਣੇਸ਼ ਪਿੰਗਲੇ ਅਮਰੀਕਾ ਦੀ ਆਜ਼ਾਦੀ ਲਈ ਲੜੇ ਗਏ ਸੰਘਰਸ਼ ਦੇ ਇਤਿਹਾਸ ਤੋਂ ਬਹੁਤ ਪ੍ਰਭਾਵਿਤ ਸੀ। ਸੰਨ 1911 'ਚ ਵਿਸ਼ਨੂੰ ਗਣੇਸ਼ ਨੇ ਅਮਰੀਕਾ ਜਾਣ ਖਾਤਰ ਅਵਾਸ਼ਾ ਤੋਂ ਆਪਣੀ ਰਿਹਾਇਸ਼ ਛੱਡ ਦਿੱਤੀ। ਉਸ ਨੇ ਆਪਣੇ ਅਮਰੀਕਾ ਜਾਣ ਦੇ ਪ੍ਰੋਗਰਾਮ ਨੂੰ ਆਪਣੇ ਪਰਿਵਾਰ ਤੋਂ ਗੁਪਤ ਰੱਖਿਆ ਤੇ ਸਿਰਫ ਆਪਣੇ ਵੱਡੇ ਭਰਾ ਕੇਸ਼ਵਰਾਓ ਨੂੰ ਰੇਲਵੇ ਸਟੇਸ਼ਨ ਤੇ ਪਹੁੰਚ ਕੇ ਹੀ ਦੱਸਿਆ। ਉਹ ਹਾਂਗਕਾਂਗ ਤੋਂ ਹੁੰਦਾ ਹੋਇਆ ਅਮਰੀਕਾ ਪਹੁੰਚ ਗਿਆ ਤੇ ਉਸ ਨੇ ਵਾਸ਼ਿੰਗਟਨ ਯੂਨੀਵਰਸਿਟੀ 'ਚ 1912 ਨੂੰ 'ਮਕੈਨੀਕਲ ਇੰਜੀਨੀਅਰਿੰਗ' ਦੇ ਕੋਰਸ 'ਚ ਦਾਖਲਾ ਲੈ ਲਿਆ। ਅਮਰੀਕਾ 'ਚ ਰਹਿੰਦਿਆਂ ਉਸ ਨੇ ਆਪਣੇ ਬੜੇ ਗੂੜ੍ਹੇ ਸਬੰਧ 'ਗਦਰ ਪਾਰਟੀ' ਨਾਲ ਕਾਇਮ ਕਰ ਲਏ ਤੇ ਉਸ ਦਾ ਇਕ ਪ੍ਰਮੁੱਖ ਮੈਂਬਰ ਬਣ ਗਿਆ। ਜਿਉਂ ਹੀ ਯੂਰਪ 'ਚ ਸੰਸਾਰ ਦਾ ਪਹਿਲਾ ਯੁੱਧ ਸ਼ੁਰੂ ਹੋਇਆ, ਉਸ ਨੇ ਜਰਮਨ ਦੀ 'ਬਰਲਿਨ ਕਮੇਟੀ' ਨਾਲ, ਅਮਰੀਕਾ 'ਚ ਗਦਰ ਪਾਰਟੀ ਦੀ ਲਹਿਰ ਜੋ ਭਾਰਤ ਨੂੰ ਆਜ਼ਾਦ ਕਰਾਉਣ ਲਈ ਕੰਮ ਕਰ ਰਹੀ ਸੀ, ਦੇ ਨਾਲ ਸਬੰਧ ਕਾਇਮ ਕਰਨੇ ਆਰੰਭ ਕਰ ਦਿੱਤੇ ਤਾਂ ਜੋ ਜਰਮਨ ਦੀ ਸਹਾਇਤਾ ਨਾਲ ਭਾਰਤ ਤੇ ਰਾਜ ਕਰ ਰਹੀ ਬ੍ਰਿਟਿਸ਼ ਸਰਕਾਰ ਦੇ ਖ਼ਿਲਾਫ਼ ਬਗਾਵਤ ਕੀਤੀ ਜਾ ਸਕੇ।

ਵਿਸ਼ਨੂੰ ਗਣੇਸ਼ ਪਿੰਗਲੇ, ਸੱਤਿਅਨ ਭੂਸ਼ਨ ਸੈਨ ਨੂੰ ਜਾਣਦਾ ਸੀ ਜੋ ਜਤਿਨ ਮੁਖਰਜੀ ਦਾ ਖਾਸ ਦੂਤ ਸੀ, ਜਿਵੇਂ ਬਰਕਲੇ ਯੂਨੀਵਰਸਿਟੀ 'ਚ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ਗਦਰ ਪਾਰਟੀ ਦਾ ਇਕ ਖਾਸ, ਮਹੱਤਵਪੂਰਨ ਮੈਂਬਰ ਸਮਝਿਆ ਜਾਂਦਾ ਸੀ। ਵਿਸ਼ਨੂੰ ਗਣੇਸ਼ ਨੂੰ ਭਾਰਤ 'ਚ ਆਜ਼ਾਦੀ ਲਈ ਕੰਮ ਕਰ ਰਹੀ ਕ੍ਰਾਂਤੀਕਾਰੀ ਪਾਰਟੀ ਨਾਲ ਤਾਲਮੇਲ ਪੈਦਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਤਾਂ ਕਿ ਉਹਨਾਂ ਨਾਲ ਮਿਲ ਕੇ ਭਾਰਤ 'ਚ ਗਦਰ ਦੀ ਸਾਜ਼ਿਸ਼ ਨੂੰ ਨੇਪਰੇ ਚੜ੍ਹਾਇਆ ਜਾ ਸਕੇ। ਸੱਤਿਅਨ ਭੂਸ਼ਨ ਸੈਨ, ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਉਹਨਾਂ ਦੇ ਨਾਲ ਹੋਰ ਸਿੱਖ ਕ੍ਰਾਂਤੀਕਾਰੀ ਯੋਧਿਆਂ ਨੇ ਸਮੁੰਦਰੀ ਜਹਾਜ਼ ਰਾਹੀਂ, ਭਾਰਤ ਨੂੰ ਅਕਤੂਬਰ, 1914 ਦੇ ਦੂਸਰੇ ਅੱਧ ਨੂੰ ਚਾਲੇ ਪਾ ਦਿੱਤੇ। ਸੱਤਿਅਨ ਤੇ ਪਿੰਗਲੇ ਕੁਝ ਦਿਨਾਂ ਲਈ ਚੀਨ ਰੁਕ ਗਏ ਤਾਂ ਕਿ ਉਹ ਉਥੇ ਰਹਿੰਦੇ ਗਦਰ ਪਾਰਟੀ ਦੇ ਨੇਤਾਵਾਂ, ਖਾਸ ਕਰਕੇ ਸਰਦਾਰ ਟਹਿਲ ਸਿੰਘ ਆਦਿ ਨੂੰ ਮਿਲ ਕੇ ਭਵਿੱਖ ਦੀ ਯੋਜਨਾ ਉਲੀਕ ਸਕਣ। ਉਹ ਡਾ. ਸੱਤਿਅਨ ਸੈਨ ਨੂੰ ਸਹਿਯੋਗ ਕਰਨ ਲਈ ਮਿਲੇ, ਪਰ ਉਹ ਅੰਗਰੇਜ਼ ਸਰਕਾਰ ਨਾਲ ਨਰਾਜ਼ਗੀ ਲੈਣ ਲਈ ਤਿਆਰ ਨਹੀਂ ਸਨ, ਆਖਿਰ ਸੱਤਿਅਨ ਤੇ ਸਾਰਾ ਗਰੁੱਪ ਭਾਰਤ ਲਈ ਰਵਾਨਾ ਹੋ ਗਿਆ। ਸਰਦਾਰ ਟਹਿਲ ਸਿੰਘ ਜੀ ਨੇ ਹੋਰ ਜ਼ਰੂਰੀ ਪ੍ਰਬੰਧ ਕਰਨ ਲਈ ਉਥੋਂ ਆਤਮਾ ਰਾਮ ਕਪੂਰ, ਸੰਤੋਸ਼ ਸਿੰਘ ਤੇ ਸ਼ਿਵਦਿਆਲ ਕਪੂਰ ਨੂੰ ਬੈਂਕਾਕ ਭੇਜਿਆ।



ਨਵੰਬਰ 1914 ਨੂੰ ਵਿਸ਼ਨੂੰ ਗਣੇਸ਼ ਪਿੰਗਲੇ, ਕਰਤਾਰ ਸਿੰਘ ਸਰਾਭਾ ਤੇ ਸੱਤਿਅਨ ਸੈਨ ਕਲਕੱਤਾ ਵਿਖੇ ਪਹੁੰਚ ਗਏ। ਸੱਤਿਅਨ ਸੈਨ ਨੇ ਵਿਸ਼ਨੂੰ ਗਣੇਸ਼ ਪਿੰਗਲੇ ਤੇ ਕਰਤਾਰ ਸਿੰਘ ਸਰਾਭਾ ਦੀ ਜਤਿਨ ਮੁਖਰਜੀ ਨਾਲ ਜਾਣ-ਪਛਾਣ ਕਰਵਾਈ। ਪਿੰਗਲੇ ਨੇ ਜਤਿਨ ਮੁਖਰਜੀ ਨਾਲ ਆਪਣੀ ਯੋਜਨਾ ਦੀ, ਬੜੀ ਲੰਬੀ ਵਿਸਥਾਰ 'ਚ ਗੱਲਬਾਤ ਕੀਤੀ ਤੇ ਉਹਨਾਂ ਨੇ ਇਹਨਾਂ ਨੂੰ ਬਨਾਰਸ ਵਿਖੇ ਰਾਸ ਬਿਹਾਰੀ ਬੋਸ ਪਾਸ ਕੁਝ ਜ਼ਰੂਰੀ ਸੂਚਨਾਵਾਂ ਦੇ ਕੇ ਦਸੰਬਰ ਦੇ ਤੀਸਰੇ ਹਫਤੇ 'ਚ ਭੇਜ ਦਿੱਤਾ। ਸਤਿਅਨ 159, ਬੋ ਬਜ਼ਾਰ ਸਟਰੀਟ, ਕਲਕੱਤਾ ਵਿਖੇ ਹੀ ਟਿਕੇ ਰਹੇ। ਚਾਰਲਸ ਟਗਾਰਟ ਜੋ ਕਿ ਕਲਕੱਤਾ ਵਿਖੇ ਪੁਲਿਸ ਸੁਪਰਡੈਂਟ ਨਿਯੁਕਤ ਸੀ, ਨੂੰ ਕਿਸੇ ਗੁਪਤ ਸੂਚਨਾ ਦੁਆਰਾ ਪਤਾ ਲੱਗਾ ਕਿ ਦਕਸ਼ਨੇਸ਼ਵਰ ਵਿਖੇ ਕੁਝ ਸਿੱਖ ਫੌਜੀ ਸਿਪਾਹੀਆਂ ਨੂੰ ਗਦਰ ਕ੍ਰਾਂਤੀਕਾਰੀਆਂ ਨੇ ਬੰਦੂਕ ਦੇ ਜ਼ੋਰ ਤੇ ਵਿਦਰੋਹ ਕਰਨ ਲਈ ਭਰਮਾ ਲਿਆ ਹੈ। ਫੌਜੀ ਅਧਿਕਾਰੀਆਂ ਦੇ ਹਵਾਲੇ ਨਾਲ ਪਤਾ ਲੱਗਦਾ ਹੈ। 93, ਬਰਮਨਜ਼ ਫੌਜੀਆਂ ਨੂੰ ਪੜਤਾਲ ਵਜੋਂ ਇਸ ਸਬੰਧੀ ਪ੍ਰਸ਼ਨ ਕੀਤੇ ਗਏ ਤੇ ਉਸ ਤੋਂ ਬਾਅਦ ਮੈਸੋਪਟਾਮੀਆ ਭੇਜ ਦਿੱਤਾ। ਉਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਜਤਿਨ ਮੁਖਰਜੀ ਤੇ ਸੱਤਿਅਨ ਭੂਸ਼ਨ ਸੈਨ ਨੂੰ ਉਹਨਾਂ ਸਿੱਖ ਫੌਜੀਆਂ ਨਾਲ ਮੁਲਾਕਾਤ ਕਰਦਿਆਂ ਦੇਖਿਆ ਗਿਆ ਹੈ।

ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸੰਨ 1900 'ਚ ਉਗਰਵਾਦੀ ਨੇਤਾ, ਲੋਕਮਾਨਿਆ ਤਿਲਕ ਦੀ ਪ੍ਰੇਰਨਾ ਨਾਲ ਬਨਾਰਸ ਵਿਖੇ ਆ ਗਏ ਜਿਹੜਾ ਕਿ ਵਿਦਰੋਹ ਦਾ ਮੁੱਖ ਕੇਂਦਰ ਸੀ। ਸੁੰਦਰ ਲਾਲ ਜਿਸ ਦਾ ਜਨਮ 1885 ਈ: 'ਚ ਹੋਇਆ ਤੇ ਉਹ ਤੋਤਾ ਰਾਮ ਮੁਜੱਫਰਾਬਾਦ ਦਾ ਪੁੱਤਰ ਸੀ, ਨੇ 1907 ਵਿਚ ਬਨਾਰਸ ਵਿਖੇ ਸ਼ਿਵਾ ਜੀ ਮੇਲੇ 'ਤੇ ਬਹੁਤ ਹੀ ਭੜਕਾਊ ਭਾਸ਼ਣ ਦਿੱਤਾ। ਤਿਲਕ, ਲਾਲਾ ਲਾਜਪਤ ਰਾਏ ਤੇ ਅਰਵਿੰਦੋ ਨੇ 1908 'ਚ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਲਾਲਾ ਜੀ ਦੇ ਯੂ. ਪੀ. 'ਚ ਕੀਤੇ ਗਏ ਭਾਸ਼ਣਾਂ 'ਚ ਭਾਗ ਲਿਆ। ਉਸ ਸਮੇਂ ਦੇ ਪਾਰਟੀ ਦੇ ਸੰਚਾਰ ਸਾਧਨਾਂ ਰਾਹੀਂ ਅਪ੍ਰੈਲ, 1908 'ਚ ਅਲਾਹਾਬਾਦ ਵਿਖੇ ਸਵਰਾਜ ਨੂੰ ਵਿਦਰੋਹ ਦੀ ਚਿਤਾਵਨੀ ਦਿੱਤੀ ਗਈ। ਅਗਸਤ 22, 1909 ਨੂੰ ਸੁੰਦਰ ਲਾਲ ਤੇ ਸ੍ਰੀ ਅਰਵਿੰਦੋ ਨੇ ਕਲਕੱਤੇ ਕਾਲਜ ਦੇ ਖੇਤਰ 'ਚ ਰਲੇ-ਮਿਲੇ ਭਾਸ਼ਣ ਦਿੱਤੇ। 'ਕਰਮਯੋਗੀ ਪੱਤ੍ਰਿਕਾ' ਹਿੰਦੀ ਭਾਸ਼ਾ 'ਚ ਅਲਾਹਾਬਾਦ ਵਿਖੇ ਸਤੰਬਰ 1909 'ਚ ਜਾਰੀ ਕੀਤਾ ਗਿਆ ਜਿਸ ਦੇ ਸੰਚਾਲਕ ਸ੍ਰੀ ਅਰਵਿੰਦੋ ਸਨ। 'ਕਲਕੱਤਾ ਕਰਮਯੋਗਿਨ' ਦੀ ਸੰਪਾਦਨਾ ਅਮਰਿੰਦਰਾ ਚੈਟਰਜੀ ਕਰਦੇ ਸਨ, ਜਿਹਨਾਂ ਨੇ ਰਾਸ ਬਿਹਾਰੀ ਬੋਸ ਦੀ ਸੁੰਦਰ ਲਾਲ ਜੀ ਨਾਲ ਜਾਣ-ਪਛਾਣ ਕਰਾਈ। ਸੰਨ 1915 'ਚ ਅਲਾਹਾਬਾਦ ਦੇ ਸਵਰਾਜ ਗਰੁੱਪ ਨੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਜੀ ਆਇਆਂ ਕਿਹਾ।

ਰਾਸ ਬਿਹਾਰੀ ਬੋਸ 1914 ਦੇ ਆਰੰਭ 'ਚ ਹੀ ਬਨਾਰਸ 'ਚ ਸਨ, ਅਕਤੂਬਰ 1914 ਤੋਂ ਸਤੰਬਰ 1915 ਦੇ ਵਿਚਕਾਰ ਉਥੇ ਵੱਡੀ ਗਿਣਤੀ 'ਚ ਉਪੱਦਰ ਹੋਏ, ਉਨ੍ਹਾਂ 'ਚ 45 ਲੋਕਾਂ ਦੀਆਂ ਜਾਨਾਂ ਫਰਵਰੀ ਤੋਂ ਪਹਿਲਾਂ ਜਾ ਚੁੱਕੀਆਂ ਸਨ। ਨਵੰਬਰ 18, 1914 ਨੂੰ ਦੋ ਬੰਬਾਂ ਦੀ, ਕੈਂਪ 'ਚ ਨਿਰੀਖਣ ਕਰਦਿਆਂ, ਉਹ ਤੇ ਸਚਿਨ ਸਨਿਆਲ ਜ਼ਖਮੀ ਹੋ ਗਏ। ਉਨ੍ਹਾਂ ਨੂੰ ਬੰਗਾਲੀ ਟੋਲਾ ਦੇ ਘਰ ਭੇਜ ਦਿੱਤਾ, ਜਿੱਥੇ ਪਿੰਗਲੇ ਉਹਨਾਂ ਕੋਲ ਜਤਿਨ ਮੁਖਰਜੀ ਦੀ ਚਿੱਠੀ ਲੈ ਕੇ ਆਇਆ ਤੇ ਉਸ 'ਚ ਲਿਖਿਆ ਸੀ ਕਿ 4000 ਗਦਰ ਪਾਰਟੀ ਦੇ ਸਿੱਖ ਕਲਕੱਤਾ 'ਚ ਪਹਿਲਾਂ ਹੀ ਪਹੁੰਚ ਚੁੱਕੇ ਹਨ ਤੇ 15000 ਹੋਰ ਸਿੱਖਾਂ ਦੇ ਆਉਣ ਦੀ ਉਡੀਕ ਕੀਤੀ ਜਾ ਰਹੀ ਹੈ ਤੇ ਉਹ ਵੀ ਗਦਰ 'ਚ ਸ਼ਾਮਲ ਹੋ ਜਾਣਗੇ। ਰਾਸ ਬਿਹਾਰੀ ਨੇ ਪਿੰਗਲੇ ਤੇ ਸਚਿਨ ਨੂੰ ਮੂਲਾ ਸਿੰਘ, ਜਿਹੜਾ ਕਿ ਸ਼ਿੰਘਾਈ ਤੋਂ ਆਇਆ ਹੋਇਆ ਸੀ, ਨਾਲ ਸਲਾਹ ਕਰਨ ਲਈ ਅੰਮ੍ਰਿਤਸਰ ਭੇਜਿਆ। ਪਿੰਗਲੇ ਜਿਹੜਾ ਰਾਸ ਬਿਹਾਰੀ ਬੋਸ ਦਾ ਖਾਸ ਵਿਸ਼ਵਾਸ ਪਾਤਰ ਸੀ, ਨੇ ਯੂ. ਪੀ. ਤੇ ਪੰਜਾਬ 'ਚ ਕਈ ਹਫਤਿਆਂ ਤੱਕ ਤਪਦਿਕ ਦੇ ਰੋਗ ਨੂੰ ਝੇਲਿਆ।

29 ਸਤੰਬਰ 1914 ਨੂੰ ਬੱਜ-ਬੱਜ, ਜਿਹੜਾ ਕਲਕੱਤਾ ਦੇ ਨਜ਼ਦੀਕ ਹੈ, ਵਿਖੇ ਪੁਲਿਸ ਤੇ ਕਾਮਾਗਾਟਾ ਮਾਰੂ ਜਹਾਜ਼ ਦੇ ਕ੍ਰਾਂਤੀਕਾਰੀਆਂ 'ਚ ਬੜਾ ਜਬਰਦਸਤ ਸੰਘਰਸ਼ ਹੋਇਆ। ਬਾਬਾ ਗੁਰਦਿੱਤ ਸਿੰਘ ਨੇ ਅਤੁਲ ਕ੍ਰਿਸ਼ਨਾ ਘੋਸ਼ ਤੇ ਸਤੀਸ਼ ਚੱਕਰਵਰਤੀ ਨਾਲ ਸੰਪਰਕ ਕੀਤਾ। ਉਹ ਉਸ ਸਮੇਂ ਦੇ ਉੱਘੇ ਲੀਡਰ ਸਨ ਤੇ ਉਹ ਜਤਿਨ ਮੁਖਰਜੀ ਦੇ ਬਹੁਤ ਨਜ਼ਦੀਕੀ ਸਾਥੀ ਸਨ ਤੇ ਉਹਨਾਂ ਨੇ ਬਾਬਾ ਗੁਰਦਿੱਤ ਸਿੰਘ ਦੀ ਬੜੀ ਗਰਮਜੋਸ਼ੀ ਨਾਲ ਮਦਦ ਕੀਤੀ। ਠੀਕ ਉਸ ਸਮੇਂ ਅਮਰੀਕੀ ਗਦਰ ਪਾਰਟੀ ਦੇ ਸਾਥੀਆਂ ਦੇ ਰੋਹ ਭਰੇ ਪੱਤਰ ਪਹੁੰਚ ਗਏ ਕਿ ਉਹਨਾਂ ਨੂੰ ਯੂਰਪ 'ਚ ਜਰਮਨ ਦੇ ਪਹਿਲੇ ਸੰਸਾਰ ਯੁੱਧ ਜਿੱਤ ਜਾਣ ਦੀ ਉਮੀਦ ਹੈ, ਕੁਝ ਪ੍ਰਵਾਸੀ ਲੀਡਰਾਂ ਨੇ ਚਿਤਾਵਨੀ ਦਿੱਤੀ ਕਿ ਉਹਨਾਂ ਦੇ ਕਾਫੀ ਸਾਥੀਆਂ ਨੇ ਬੰਗਾਲ ਦੀ ਕ੍ਰਾਂਤੀਕਾਰੀ ਪਾਰਟੀ ਨਾਲ ਸੰਪਰਕ ਬਣਾਇਆ ਹੋਇਆ ਹੈ। ਇਸ ਤਰ੍ਹਾਂ ਦੇ ਸੰਘਰਸ਼ ਦੇ ਦੌਰਾਨ ਦਸੰਬਰ 1914 ਨੂੰ ਪਿੰਗਲੇ ਪੰਜਾਬ ਪਹੁੰਚਿਆ ਤੇ ਉਸ ਨੇ ਬੰਗਾਲ ਦੇ ਕ੍ਰਾਂਤੀਕਾਰੀਆਂ ਵੱਲੋਂ ਭਰੋਸਾ ਦਿੱਤਾ ਕਿ ਉਹ ਗਦਰ ਪਾਰਟੀ ਦੇ ਪ੍ਰਵਾਸੀ ਭਾਰਤੀਆਂ ਦਾ ਜੋ ਕਿ ਉਸ ਸਮੇਂ ਅਸੰਤੁਸ਼ਟ ਸਨ, ਦਾ ਪੂਰਾ ਸਾਥ ਦੇਣਗੇ। ਇਸ ਸਮੇਂ ਇਕ ਮੀਟਿੰਗ ਕਰਕੇ ਇਹ ਨਿਰਣਾ ਲਿਆ ਗਿਆ ਕਿ ਪੂਰੇ ਦੇਸ਼ 'ਚ ਵਿਦਰੋਹ ਹੋਵੇ ਤੇ ਸਰਕਾਰੀ ਖ਼ਜ਼ਾਨਿਆਂ ਨੂੰ ਲੁੱਟ ਲਿਆ ਜਾਵੇ, ਭਾਰਤੀ ਫੌਜ 'ਚ ਦਾਖਲ ਹੋ ਕੇ ਉਹਨਾਂ ਦਾ ਸਹਿਯੋਗ ਪ੍ਰਾਪਤ ਕੀਤਾ ਜਾਵੇ, ਹਥਿਆਰ ਇਕੱਠੇ ਕੀਤੇ ਜਾਣ, ਬੰਬ ਤਿਆਰ ਕੀਤੇ ਜਾਣ ਤੇ ਡਾਕੇ ਮਾਰਨ ਲਈ ਗਰੁੱਪ ਬਣਾਏ ਜਾਣ। ਰਾਸ ਬਿਹਾਰੀ ਬੋਸ ਨੇ ਇਸ ਕੰਮ ਲਈ ਪਿੰਡਾਂ 'ਚ ਜਥੇ ਬਣਾਏ ਤਾਂ ਕਿ ਬਗਾਵਤ ਕੀਤੀ ਜਾ ਸਕੇ। ਇਹ ਸਾਰੀਆਂ ਘਟਨਾਵਾਂ, ਇਕੋ ਸਮੇਂ ਹੀ ਲਾਹੌਰ, ਫਿਰੋਜ਼ਪੁਰ ਤੇ ਰਾਵਲਪਿੰਡੀ 'ਚ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਤੇ ਇਸੇ ਤਰ੍ਹਾਂ ਹੀ ਇਸ ਨੂੰ ਅੱਗੇ ਵਧਾਉਂਦੇ ਹੋਏ ਢਾਕਾ, ਜਬਲਪੁਰ, ਬਨਾਰਸ 'ਚ ਵੀ ਕੀਤਾ ਜਾਵੇ।

ਬੰਬ ਤਿਆਰ ਕਰਨਾ ਗਦਰ ਪਾਰਟੀ ਦੇ ਪ੍ਰੋਗਰਾਮ ਦਾ ਇਕ ਅਹਿਮ ਹਿੱਸਾ ਸੀ। ਸਿੱਖ ਕ੍ਰਾਂਤੀਕਾਰੀ ਇਸ ਸਬੰਧੀ ਬਹੁਤ ਘੱਟ ਗਿਆਨ ਰੱਖਦੇ ਸਨ। ਕੈਲੇਫੋਰਨੀਆ 'ਚ ਰਹਿੰਦੇ ਸਮੇਂ ਪ੍ਰਵਾਸੀ ਕ੍ਰਾਂਤੀਕਾਰੀਆਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਬੰਬ ਤਿਆਰ ਕਰਨ ਲਈ ਕਿਸੇ ਬੰਗਾਲੀ ਤਜਰਬੇਕਾਰ ਦੇਸ਼ ਭਗਤ ਨੂੰ ਬੁਲਾਇਆ ਜਾਵੇਗਾ। ਉਹਨਾਂ ਨੂੰ ਪਤਾ ਸੀ ਕਿ ਪ੍ਰੋਫੈਸਰ ਸੁਰਿੰਦਰ ਬੋਸ ਤੇ ਉਹਨਾਂ ਦਾ ਸਹਾਇਕ ਸੁਰਿੰਦਰ ਨਾਥ ਦਾਸ, ਇਸ ਖੇਤਰ 'ਚ ਬੜੇ ਤਜਰਬੇਕਾਰ ਦੇਸ਼ ਭਗਤ ਹਨ। ਦਸੰਬਰ 1914 ਦੇ ਅੰਤਿਮ ਦਿਨਾਂ 'ਚ ਕਪੂਰਥਲਾ ਵਿਖੇ ਇਕ ਮੀਟਿੰਗ ਹੋਈ, ਉਸ ਮੀਟਿੰਗ 'ਚ ਪਿੰਗਲੇ ਨੇ ਇਹ ਫੈਸਲਾ ਕੀਤਾ ਕਿ ਇਕ ਬੰਗਾਲੀ ਬਾਬੂ, ਇਸ ਕੰਮ ਲਈ, ਉਹਨਾਂ ਨਾਲ ਸਹਿਯੋਗ ਕਰਨ ਲਈ ਤਿਆਰ ਹੈ। ਜਨਵਰੀ 3, 1915 ਨੂੰ ਪਿੰਗਲੇ ਤੇ ਸਚਿੰਦਰਾ ਨੂੰ ਅੰਮ੍ਰਿਤਸਰ 'ਚ 500 ਰੁਪਏ ਗਦਰ ਪਾਰਟੀ ਵੱਲੋਂ ਦਿੱਤੇ ਗਏ ਤੇ ਉਹ ਵਾਪਸ ਬਨਾਰਸ ਚਲੇ ਗਏ। ਪਿੰਗਲੇ, ਰਾਸ ਬਿਹਾਰੀ ਬੋਸ ਦੇ ਸੱਦੇ 'ਤੇ ਕਲਕੱਤਾ ਚਲੇ ਗਏ ਕਿ ਉਹ ਯੋਗਾਂਤਰ ਦੇ ਲੀਡਰਾਂ ਨੂੰ ਮਿਲ ਕੇ ਕਹਿਣ ਕਿ ਉਹਨਾਂ ਦੇ ਜੋ ਇਰਾਦੇ ਤੇ ਯੋਜਨਾਵਾਂ ਹਨ ਬਨਾਰਸ ਵਿਖੇ ਆ ਕੇ ਰਾਸ ਬਿਹਾਰੀ ਬੋਸ ਨਾਲ ਸਾਂਝੀਆਂ ਕਰਨ ਤਾਂ ਜੋ ਗਦਰ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ। ਜਤਿਨ ਮੁਖਰਜੀ, ਅਤੁਲ ਕ੍ਰਿਸ਼ਨਾ ਘੋਸ਼, ਨਾਰੈਣ ਭੱਟਾਚਾਰੀਆ ਜਨਵਰੀ 1915 ਦੇ ਆਰੰਭ 'ਚ ਹੀ ਬਨਾਰਸ ਲਈ ਰਵਾਨਾ ਹੋ ਗਏ। ਇਸ ਬਹੁਤ ਹੀ ਮਹੱਤਵਪੂਰਨ ਮੀਟਿੰਗ 'ਚ, ਰਾਸ ਬਿਹਾਰੀ ਬੋਸ ਨੇ ਗਦਰੀਆਂ ਨੂੰ ਇਹ ਐਲਾਨ ਕੀਤਾ: "ਆਪਣੇ ਦੇਸ਼ ਲਈ ਮਰ ਮਿਟੋ", ਭਾਵੇਂ ਹਵਾਲਦਾਰ ਮਨਸ਼ਾ ਸਿੰਘ ਜੋ ਕਿ 16ਵੀਂ ਰਾਜਪੂਤ ਰਾਈਫਲ ਦਾ ਜਵਾਨ ਸੀ, ਜੋ ਵਿਲੀਅਮ ਕਿਲ੍ਹੇ 'ਚ ਸੀ, ਨੂੰ ਬੜੀ ਸਫਲਤਾ ਪੂਰਵਕ ਸੰਦੇਸ਼ ਦਿੱਤਾ ਗਿਆ ਕਿ ਜਤਿਨ ਮੁਖਰਜੀ ਭਾਰਤੀ ਫੌਜ 'ਚ ਸਿਰਫ ਦੋ ਮਹੀਨੇ ਲਈ, ਇਕੋ ਸਮੇਂ ਸਮੁੱਚੀ ਭਾਰਤੀ ਸੈਨਾ 'ਚ ਵਿਦਰੋਹ ਚਾਹੁੰਦੇ ਹਨ, ਉਦੋਂ ਤੱਕ ਜਰਮਨ ਫੌਜਾਂ ਜ਼ਰੂਰ ਸਾਡੀ ਸਹਾਇਤਾ ਲਈ ਪਹੁੰਚ ਹੀ ਜਾਣਗੀਆਂ। ਉਸ ਨੇ ਆਪਣੀਆਂ ਯੋਜਨਾਵਾਂ 'ਚ ਕੁਝ ਸੁਧਾਰ ਵੀ ਕੀਤਾ ਕਿਉਂਕਿ ਗਦਰ ਲਹਿਰ ਦੇ ਕ੍ਰਾਂਤੀਕਾਰੀ ਆਪਣੀਆਂ ਯੋਜਨਾਵਾਂ ਨੂੰ ਤੁਰੰਤ ਅੰਜਾਮ ਦੇਣਾ ਚਾਹੁੰਦੇ ਸਨ।

ਰਾਸ ਬਿਹਾਰੀ ਤੇ ਪਿੰਗਲੇ ਲਾਹੌਰ ਚਲੇ ਗਏ। ਸਚਿਨ ਦਾ ਬਨਾਰਸ ਦੀ ਸੱਤਵੀਂ ਰਾਜਪੂਤ ਬਟਾਲੀਅਨ ਤੇ 89ਵੀਂ ਬਟਾਲੀਅਨ ਪੰਜਾਬ, ਜੋ ਦੀਨਾਪੁਰ ਵਿਖੇ ਤਾਇਨਾਤ ਸੀ, ਨਾਲ ਗਦਰ ਕਰਨ ਲਈ ਗਾਂਢਾਂ-ਸਾਂਢਾਂ ਸੀ ਤੇ ਇਸੇ ਹੀ ਤਰ੍ਹਾਂ ਦਮੋਦਰ ਸਰੂਪ ਸੇਠ ਅਲਾਹਾਬਾਦ ਨੂੰ ਬਿਨਾਇਕ ਰਾਓ ਕਪਲੀ ਜਿਸ ਨੇ ਬੰਬ ਬੰਗਾਲ ਤੋਂ ਪੰਜਾਬ ਪਹੁੰਚਾਉਣੇ ਸਨ, ਬਿਭੂਤੀ ਹਲਧਰ ਤੇ ਪਰੀਯੋਨਾਥ ਭੱਟਾਚਾਰੀਆ ਨੇ ਬਨਾਰਸ 'ਚ ਫੌਜਾਂ ਨਾਲ ਤਾਲਮੇਲ ਕਰਨਾ ਸੀ, ਨਲਨੀ ਮੁਖਰਜੀ ਜੱਬਲਪੁਰ ਲਈ ਗਦਰ ਨੂੰ ਅੰਜਾਮ ਦੇਣ ਲਈ ਰਵਾਨਾ ਹੋ ਗਏ। ਫਰਵਰੀ 14 ਨੂੰ ਕਪਲੀ ਨੇ ਬਨਾਰਸ ਤੋਂ ਲਾਹੌਰ ਨੂੰ 18 ਬੰਬਾਂ ਦੇ ਵਿਸਫੋਟਕ ਸਮਾਨ ਨਾਲ ਭਰਿਆ ਪਾਰਸਲ ਪਹੁੰਚਾਉਣਾ ਸੀ।

ਜਨਵਰੀ ਦੇ ਅੱਧ 'ਚ ਪਿੰਗਲੇ ਰਾਸ ਬਿਹਾਰੀ ਨਾਲ ਅੰਮ੍ਰਿਤਸਰ ਵਾਪਸ ਪਹੁੰਚ ਗਿਆ। ਇੱਥੇ ਰਾਸ ਬਿਹਾਰੀ ਬੋਸ 15 ਦਿਨ ਰੁਕਣ ਤੋਂ ਬਾਅਦ ਕਿ ਉਹਨਾਂ ਨੂੰ ਬਹੁਤੇ ਲੋਕ ਗੁਪਤਤਾ ਰੱਖਣ ਲਈ, ਨਾ ਮਿਲ ਸਕਣ, ਲਾਹੌਰ ਚਲਾ ਗਿਆ। ਇਹਨਾਂ ਦੋਹਾਂ ਥਾਵਾਂ ਤੇ ਉਸ ਨੇ ਵਿਸਫੋਟਕ ਸਮੱਗਰੀ ਇਕੱਤਰ ਕੀਤੀ ਤਾਂ ਜੋ ਬੰਬ ਬਣਾਏ ਜਾ ਸਕਣ ਤੇ ਇਸ ਤੋਂ ਉਪਰੰਤ ਉਸ ਨੇ ਲਾਹੌਰ ਵਿਖੇ ਪਹੁੰਚ ਕੇ 80 ਬੰਬਾਂ ਦੇ ਖੋਲ ਬਣਾਉਣ ਦਾ ਇਕ ਫਾਊਂਡਰੀ ਨੂੰ ਆਰਡਰ ਦੇ ਦਿੱਤਾ। ਫਾਊਂਡਰੀ ਦੇ ਮਾਲਕ ਨੇ ਸ਼ੱਕ ਵਜੋਂ ਇਹ ਖੋਲ ਬਣਾਉਣ ਤੋਂ ਨਾਂਹ ਕਰ ਦਿੱਤੀ। ਇਹਨਾਂ ਖ਼ੋਲਾਂ ਦੀ ਜਗ੍ਹਾ 'ਤੇ ਉਹਨਾਂ ਨੇ ਸਿਆਹੀ ਦੀਆਂ ਦਵਾਤਾਂ ਦੇ ਖ਼ੋਲਾਂ ਨੂੰ, ਭਰ ਕੇ ਬੰਬ ਬਣਾਏ ਤੇ ਕਈ ਡਾਕਿਆਂ ਤੇ ਘਟਨਾਵਾਂ 'ਚ ਇਨ੍ਹਾਂ ਨੂੰ ਵਰਤਿਆ। ਰਾਸ ਬਿਹਾਰੀ ਬੋਸ ਦੇ ਇੱਥੋਂ ਬਚ ਕੇ ਨਿਕਲ ਜਾਣ ਬਾਅਦ ਜਦੋਂ ਘਰ ਦੀ ਤਲਾਸ਼ੀ ਲਈ ਗਈ ਤਾਂ ਉਥੋਂ ਕਈ ਬੰਬ ਪ੍ਰਾਪਤ ਹੋਏ। ਰਾਸ ਬਿਹਾਰੀ ਦੇ ਇੱਥੇ ਆ ਕੇ ਰੁਕਣ 'ਤੇ ਪ੍ਰਵਾਸੀ ਗਦਰੀਆਂ ਤੇ ਦੂਸਰੇ ਹੋਰ ਕ੍ਰਾਂਤੀਕਾਰੀਆਂ ਤੇ ਰਾਸ ਬਿਹਾਰੀ ਦਾ ਬੜਾ ਪ੍ਰਭਾਵ ਪਿਆ ਕਿਉਂਕਿ ਭਾਰਤੀ ਕ੍ਰਾਂਤੀਕਾਰੀਆਂ ਤੇ ਗਦਰੀਆਂ ਦੀ ਉਹ ਭਾਰਤ 'ਚ ਅਗਵਾਈ ਕਰਦੇ ਸਨ। ਇਸ ਨਾਲ ਦੋਹਾਂ ਗਰੁੱਪਾਂ ਦਾ ਆਪਸ 'ਚ ਬਹੁਤ ਚੰਗਾ ਤਾਲਮੇਲ ਬੈਠ ਗਿਆ। ਇਸ ਤਰ੍ਹਾਂ ਵਾਪਰਨ ਨਾਲ ਬਹੁ-ਗਿਣਤੀ 'ਚ ਫੌਜੀ ਸਿਪਾਹੀਆਂ 'ਤੇ ਅਚੇਤ ਤੌਰ ਤੇ ਬਹੁਤ ਅਸਰ ਹੋਇਆ ਤੇ ਉਹ ਨਿਰਾਸ਼ ਹੋ ਗਏ। ਇਹ ਉਮੀਦ ਕੀਤੀ ਜਾਂਦੀ ਸੀ ਕਿ ਹੁਣ ਜਲਦੀ ਹੀ ਕੋਈ ਇਸ਼ਾਰਾ ਮਿਲ ਜਾਏਗਾ ਤੇ ਪੰਜਾਬ ਤੋਂ ਲੈ ਕੇ ਬੰਗਾਲ ਤੱਕ ਗਦਰ ਨਾਲ ਤਰਥੱਲੀ ਮੱਚ ਜਾਵੇਗੀ। ਲਾਹੌਰ ਸਾਜ਼ਿਸ਼ ਕੇਸ 'ਚ 81 ਗਦਰੀਆਂ 'ਚੋਂ 48 ਗਦਰੀਆਂ ਸਮੇਤ, ਰਾਸ ਬਿਹਾਰੀ ਤੇ ਉਸ ਦੇ ਬਹੁਤ ਹੀ ਨਜ਼ਦੀਕੀ ਸਾਥੀ ਜਿਵੇਂ ਵਿਸ਼ਨੂੰ ਗਣੇਸ਼ ਪਿੰਗਲੇ, ਮੱਥਰਾ ਸਿੰਘ ਤੇ ਕਰਤਾਰ ਸਿੰਘ ਸਰਾਭਾ, ਜਿਹੜੇ ਕਿ ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਉੱਤਰੀ ਅਮਰੀਕਾ ਤੋਂ ਆਏ, ਦੇ ਨਾਮ ਸਨ।

ਰਾਸ ਬਿਹਾਰੀ ਬੋਸ ਸਮੇਤ ਸਚਿਨ ਸਾਨਿਆਲ, ਕਰਤਾਰ ਸਿੰਘ ਸਰਾਭਾ 'ਚ ਵਿਸ਼ਨੂੰ ਗਣੇਸ਼ ਪਿੰਗਲੇ ਖਾਸ ਤੌਰ ਤੇ ਇਨ੍ਹਾਂ 'ਚ ਤਾਲਮੇਲ ਕਰਾਉਣ ਵਾਲਾ ਸੀ, ਸਭ ਨੇ ਫਰਵਰੀ 1915 ਦੇ ਇਸ ਗਦਰ 'ਚ ਖਾਸ ਭੂਮਿਕਾ ਨਿਭਾਈ। ਰਾਸ ਬਿਹਾਰੀ ਬੋਸ ਦੀ ਅਗਵਾਈ 'ਚ ਵਿਸ਼ਨੂੰ ਗਣੇਸ਼ ਪਿੰਗਲੇ ਨੇ ਦਸੰਬਰ 1914 ਤੋਂ ਬੜੀ ਤੀਬਰਤਾ ਨਾਲ ਗਦਰ ਲਈ ਪ੍ਰਚਾਰ ਕੀਤਾ। ਕਦੀ-ਕਦੀ ਸ਼ਿਆਮ ਲਾਲ ਜੋ ਬੰਗਾਲੀ ਸੀ, ਕਦੀ-ਕਦੀ ਗਣਪਤ ਸਿੰਘ ਜੋ ਪੰਜਾਬੀ ਸੀ ਨੇ ਵੀ ਭੇਸ ਬਦਲ ਕੇ ਗਦਰ ਪਾਰਟੀ ਲਈ ਜਾਸੂਸੀ ਵੀ ਕੀਤੀ ਤੇ ਗਦਰ ਪਾਰਟੀ 'ਚ ਆਪਣਾ ਵਿਸ਼ਵਾਸ ਵੀ ਬਣਾਈ ਰੱਖਿਆ, ਤਾਂ ਹੀ ਤਾਂ ਇਸ ਗਦਰ ਦੀ ਸਾਜ਼ਿਸ਼ ਨੂੰ ਆਖਰੀ ਮੁਕਾਮ 'ਤੇ ਪਹੁੰਚਾਇਆ। ਪੰਜਾਬ ਦੇ 23ਵੇਂ ਰਸਾਲੇ ਤੋਂ ਹਥਿਆਰ ਪ੍ਰਾਪਤ ਕਰਨਾ ਤੇ ਇਸ ਦੇ ਅਫਸਰਾਂ ਨੂੰ 21 ਫਰਵਰੀ ਨੂੰ ਮਾਰਨਾ, ਜਦੋਂ ਕਿ ਉਨ੍ਹਾਂ ਦੀ ਹਾਜ਼ਰੀ ਲੱਗ ਰਹੀ ਹੋਵੇ। ਇਸੇ ਤਰ੍ਹਾਂ ਹੀ ਪੰਜਾਬ ਦੀ 26ਵੀਂ ਬਟਾਲੀਅਨ ਨਾਲ ਕਰਨਾ ਸੀ। ਇਸ ਤਰ੍ਹਾਂ ਕਰਕੇ ਇਸ ਵਿਦਰੋਹ ਨੂੰ ਸ਼ੁਰੂ ਕਰਨਾ ਸੀ ਤਾਂ ਕਿ ਇਹ ਸਾਰੇ ਭਾਰਤ 'ਚ ਫੈਲ ਸਕੇ, ਪਰ ਬਦਕਿਸਮਤੀ ਨਾਲ ਇਸ ਤਰ੍ਹਾਂ ਇਹ ਵਿਦਰੋਹ ਦਿੱਲੀ ਤੇ ਲਾਹੌਰ 'ਚ ਪਹਿਲਾਂ ਹੀ ਸ਼ੁਰੂ ਹੋ ਗਿਆ। ਬੰਗਾਲ ਦੇ ਗਦਰੀਆਂ ਨੇ ਪੰਜਾਬ ਦੇ ਫੌਜੀ ਸਿਪਾਹੀਆਂ ਨਾਲ ਢਾਕਾ ਵਿਖੇ ਚਿੱਠੀਆਂ ਦੁਆਰਾ ਸੰਪਰਕ ਕਾਇਮ ਕੀਤਾ, ਜਿਹੜੀਆਂ ਕਿ ਲਾਹੌਰ ਤੋਂ ਸਿੱਖ ਫੌਜੀਆਂ ਨੇ ਲਿਖੀਆਂ ਸਨ ਤੇ ਇਸ ਤਰ੍ਹਾਂ ਕਰਨ 'ਚ ਉਹ ਸਫਲ ਵੀ ਰਹੇ। ਬੰਗਾਲੀ ਗਦਰੀਏ ਚਿੱਠੀਆਂ ਪ੍ਰਾਪਤ ਕਰਨ ਲਈ, ਪੰਜਾਬ ਮੇਲ ਦੀ ਉਡੀਕ ਹਾਵੜਾ ਸਟੇਸ਼ਨ ਤੇ ਕਰ ਰਹੇ ਸਨ, ਪਰ ਉਹ ਗੱਡੀ ਦੂਸਰੇ ਦਿਨ ਕੈਂਸਲ ਹੋ ਗਈ। ਇਸ ਤਰ੍ਹਾਂ ਐਨ ਮੌਕੇ 'ਤੇ ਪੰਜਾਬ ਦੀ ਸੀ. ਆਈ. ਡੀ. ਨੂੰ ਇਸ ਵਿਦਰੋਹ ਨੂੰ ਰੋਕਣ ਲਈ, ਗਦਰ ਪਾਰਟੀ ਦੇ ਇਕ ਮੁਖ਼ਬਰ ਨੇ ਜਿਸ ਦਾ ਨਾਂ ਕ੍ਰਿਪਾਲ ਸਿੰਘ ਸੀ, ਨੇ ਵਿਦਰੋਹ ਦੀ ਸਾਰੀ ਸੂਹ ਪੁਲਿਸ ਨੂੰ ਦੇ ਦਿੱਤੀ। ਇਹ ਗੱਦਾਰ ਮੁਖ਼ਬਰ 23ਵੇਂ ਰਸਾਲੇ ਦੇ ਸਿਪਾਹੀ ਬਲਵੰਤ ਸਿੰਘ ਦਾ ਚਚੇਰਾ ਭਾਈ ਸੀ। ਇਹ ਕ੍ਰਿਪਾਲ ਸਿੰਘ ਜੋ ਅਮਰੀਕਾ ਤੋਂ ਆਇਆ ਸੀ, ਇਕ ਜਾਸੂਸ ਸੀ ਤੇ ਉਹ ਰਾਸ ਬਿਹਾਰੀ ਬੋਸ ਨੂੰ ਲਾਹੌਰ ਵਿਖੇ ਉਨ੍ਹਾਂ ਦੇ ਮੁੱਖ ਟਿਕਾਣੇ, ਜਿਹੜਾ ਕਿ ਮੋਚੀ ਗੇਟ ਦੇ ਨਜ਼ਦੀਕ ਸਥਿਤ ਸੀ 'ਤੇ ਉਹਨਾਂ ਨਾਲ ਮੁਲਾਕਾਤ ਕੀਤੀ ਸੀ। ਇੱਥੇ ਹੀ ਵਿਸ਼ਨੂੰ ਗਣੇਸ਼ ਪਿੰਗਲੇ ਸਮੇਤ ਹੋਰ ਬਹੁਤ ਹੀ ਗਦਰ ਪਾਰਟੀ ਦੇ 12 ਮਸ਼ਹੂਰ ਲੀਡਰ

(ਬਾਕੀ ਅਗਲੇ ਸਫੇ ਤੇ)

# ਸਮਾਰਟ ਸਿਟੀ ਯੋਜਨਾ: ਮੁੰਗੇਰੀ ਲਾਲ ਦਾ ਸਪਨਾ



ਉਜਾਗਰ ਸਿੰਘ
94178 13072

ਭਾਰਤ ਸਰਕਾਰ ਵੱਲੋਂ ਸਮੁੱਚੇ ਦੇਸ਼ ਵਿਚ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਨਵੀਂ ਫਲੈਗਸ਼ਿਪ ਸਕੀਮ ਅਧੀਨ 100 ਸਮਾਰਟ ਸਿਟੀ ਬਣਾਉਣਾ ਮੁੰਗੇਰੀ ਲਾਲ ਦੇ ਸਪਨੇ ਦੀ ਤਰ੍ਹਾਂ ਹੈ ਕਿਉਂਕਿ ਇੱਕ ਸਾਲ ਤਾਂ ਮੋਦੀ ਸਰਕਾਰ ਦਾ 'ਮੇਕ ਇਨ ਇੰਡੀਆ' ਸਕੀਮ ਦਾ ਐਲਾਨ ਕਰਦਿਆਂ ਹੀ ਲੰਘ ਗਿਆ ਹੈ। ਅਜੇ ਤੱਕ ਇਸ ਸਕੀਮ ਦੀ ਰੂਪ ਰੇਖਾ ਵੀ ਤਿਆਰ ਨਹੀਂ ਹੋਈ। ਸਮਾਰਟ ਸ਼ਹਿਰਾਂ ਦੀ ਚੋਣ ਕਰਨ ਲਈ ਦੋ ਫਾਰਮੂਲੇ ਬਣਾਏ ਗਏ ਹਨ, ਪਹਿਲੇ ਫਾਰਮੂਲੇ ਅਧੀਨ 10 ਲੱਖ ਤੋਂ 40 ਲੱਖ ਦੀ ਵੱਸੋਂ ਵਾਲੇ ਸ਼ਹਿਰ ਚੁਣੇ ਜਾਣਗੇ। ਦੂਜੇ ਫਾਰਮੂਲੇ ਵਿਚ ਰਾਜਾਂ ਦੀਆਂ ਰਾਜਧਾਨੀਆਂ 10 ਲੱਖ ਤੋਂ ਘੱਟ ਆਬਾਦੀ ਵਾਲੀਆਂ ਚੁਣੀਆਂ ਜਾਣਗੀਆਂ। ਇਸ ਸਕੀਮ ਦੀ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਸੰਬੰਧਤ ਰਾਜ ਸਰਕਾਰਾਂ ਨੂੰ ਇਨ੍ਹਾਂ ਸ਼ਹਿਰਾਂ ਤੇ ਹੋਣ ਵਾਲੇ ਖ਼ਰਚੇ ਦਾ ਅੱਧਾ ਖ਼ਰਚਾ ਆਪ ਕਰਨਾ ਪਵੇਗਾ, ਜੋ ਕਿ ਸੰਭਵ ਹੀ ਨਹੀਂ ਕਿਉਂਕਿ ਸਾਰੇ ਰਾਜ ਤਾਂ ਕਰਜ਼ਿਆਂ ਦੀ ਮਾਰ ਹੇਠ ਦੱਬੇ ਪਏ ਹਨ। ਉਨ੍ਹਾਂ ਦਾ ਤਾਂ ਰੋਜ ਮਰਰ੍ਹਾ ਦਾ ਕੰਮ ਚਲਾਉਣ ਲਈ ਵੀ ਰਾਜ ਸਰਕਾਰਾਂ ਦੇ ਹੱਥ ਖੜ੍ਹੇ ਹਨ। ਰਾਜ ਸਰਕਾਰਾਂ ਤਾਂ ਕੇਂਦਰ ਸਰਕਾਰ ਵੱਲ ਹੱਥ ਅੱਡੀ ਖੜ੍ਹੀਆਂ ਝਾਕ ਰਹੀਆਂ ਹਨ। ਇਸ ਲਈ ਇਸ ਸਕੀਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਗ੍ਰਹਿਣ ਲੱਗ ਜਾਣਾ ਹੈ। ਮੋਦੀ ਸਰਕਾਰ ਤਾਂ ਨਵੀਆਂ ਸਕੀਮਾ ਬਣਾਉਣ ਅਤੇ ਪੁਰਾਣੀਆਂ ਸਕੀਮਾ ਦੇ ਨਾਂ ਬਦਲਣ ਤੇ ਹੀ ਲੱਗੀ ਹੋਈ ਹੈ ਤਾਂ ਜੋ ਉਹ ਆਪਣੀ ਕਾਰਗੁਜ਼ਾਰੀ ਮਨਮੋਹਨ ਸਿੰਘ ਸਰਕਾਰ ਤੋਂ ਵੱਖਰੀ ਅਤੇ ਵਧੀਆ ਸਾਬਤ ਕਰ ਸਕੇ। ਇਨ੍ਹਾਂ ਨਵੀਆਂ ਸਕੀਮਾ ਨੂੰ ਅਮਲੀ ਰੂਪ ਦੇਣਾ ਅਸੰਭਵ ਹੋਵੇਗਾ। ਸਕੀਮਾ ਬਣਾਉਣੀਆਂ ਔਖੀਆਂ ਨਹੀਂ ਇਨ੍ਹਾਂ ਨੂੰ ਅਮਲੀ ਰੂਪ ਦੇਣਾ ਜ਼ਰੂਰੀ ਹੁੰਦਾ ਹੈ। ਸਕੀਮਾ ਤਾਂ ਅਧਿਕਾਰੀ ਏ.ਸੀ.ਕਮਰਿਆਂ ਵਿਚ ਬੈਠੇ ਬਣਾ ਦੇਂਦੇ ਹਨ ਪ੍ਰੰਤੂ ਉਨ੍ਹਾਂ ਨੂੰ ਜ਼ਮੀਨੀ ਹਕੀਕਤਾਂ ਬਾਰੇ ਨਾਮਾਤਰ ਹੀ ਜਾਣਕਾਰੀ ਹੁੰਦੀ ਹੈ। ਜਿਹੜੇ ਸ਼ਹਿਰ ਪਹਿਲਾਂ ਹੀ ਯੋਜਨਾਬੱਧ ਢੰਗ ਨਾਲ ਬਣੇ ਹੋਏ ਹਨ, ਉਨ੍ਹਾਂ ਦਾ ਤਾਂ ਵਿਕਾਸ ਤੇ ਪਾਸਾਰ ਕੀਤਾ ਜਾ ਸਕਦਾ ਹੈ ਪ੍ਰੰਤੂ ਜਿਹੜੇ ਸ਼ਹਿਰਾਂ ਦੀਆਂ ਗ਼ੈਰ ਕਾਨੂੰਨੀ ਬਣੀਆਂ ਕਾਲੋਨੀਆਂ ਪਰਜਾਤੰਤਰ ਪ੍ਰਣਾਲੀ ਦੀਆਂ ਮਜ਼ਬੂਰੀਆਂ ਕਰਕੇ ਰੈਗੂਲਰ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਸਮਾਰਟ ਸਿਟੀ ਬਣਾਉਣਾ ਮੁਸ਼ਕਲ ਹੈ ਕਿਉਂਕਿ ਉਹ ਤਾਂ ਉਘੜ ਦੁਘੜ ਬਣੀਆਂ ਹੋਈਆਂ ਹਨ। ਸ਼ਹਿਰਾਂ ਦੀ ਚੋਣ ਸਮੇਂ ਵਰਤਮਾਨ ਸ਼ਹਿਰ ਤਾਂ ਜੇ ਚੁਣੇ ਜਾ ਸਕਦੇ ਹਨ ਤਾਂ ਉਹ ਹਰ ਰਾਜ ਵਿਚੋਂ 1-1 ਹੀ ਚੁਣਿਆਂ ਜਾ ਸਕਦਾ ਹੈ। ਬਾਕੀ 52 ਸ਼ਹਿਰ ਤਾਂ ਨਵੇਂ ਬਣਾਉਣੇ ਪੈਣਗੇ। ਨਵੇਂ ਸ਼ਹਿਰ ਬਣਾਉਣ ਅਤੇ ਉਨ੍ਹਾਂ ਨੂੰ ਵਸਾਉਣ ਲਈ ਘੱਟੋ ਘੱਟ 25 ਸਾਲ ਲੱਗ ਜਾਂਦੇ ਹਨ। ਚੰਡੀਗੜ੍ਹ ਦੀ ਮਿਸਾਲ ਤੁਹਾਡੇ ਸਾਹਮਣੇ ਹੈ, ਕਿਸ ਤਰ੍ਹਾਂ ਪਲਾਟ ਖ਼੍ਰੀਦਣ ਅਤੇ ਮਕਾਨ ਬਣਾਉਣ ਲਈ ਲੋਕਾਂ ਨੂੰ ਕਰਜ਼ੇ ਦੇ ਕੇ ਪ੍ਰੇਰਨਾ ਦਿੱਤੀ ਗਈ ਸੀ। ਮੋਦੀ ਸਰਕਾਰ ਦੀ ਮਿਆਦ ਵਿਚ ਤਾਂ ਜ਼ਮੀਨ ਦੀ ਚੋਣ, ਫਿਰ ਉਸ ਨੂੰ ਅਕਵਾਇਰ ਕਰਨ ਅਤੇ ਉਸਦੇ ਕਾਨੂੰਨੀ ਝਮੇਲਿਆਂ ਵਿਚ ਹੀ ਲੰਘ ਜਾਵੇਗੀ।

ਭਾਰਤ ਦੇ ਪਰਜਾਤੰਤਰ ਦੀ ਬਦਕਿਸਮਤੀ ਇਹੋ ਹੈ ਕਿ ਜੇਕਰ ਅਗਲੀਆਂ ਚੋਣਾਂ ਵਿਚ ਦੂਜੀ ਪਾਰਟੀ ਦੀ ਨਵੀਂ ਸਰਕਾਰ ਆ ਜਾਵੇ ਤਾਂ ਉਹ ਪੁਰਾਣੀ ਸਰਕਾਰ ਦੀਆਂ ਸਕੀਮਾ ਨੂੰ ਆਉਂਦਿਆਂ ਹੀ ਬੰਦ ਕਰ ਦਿੰਦੀ ਹੈ, ਜਦੋਂ ਕਿ ਉਹ ਸਕੀਮਾ ਅੱਧ ਵਿਚਕਾਰ ਹੁੰਦੀਆਂ ਹਨ, ਜਿਹੜਾ ਉਨ੍ਹਾਂ ਤੇ ਪੈਸਾ ਖ਼ਰਚ ਹੋਇਆ ਹੁੰਦਾ ਹੈ, ਉਹ ਅਜਾਈਂ ਜਾਂਦਾ ਹੈ। ਉਹ ਆਪਣੀਆਂ ਨਵੀਆਂ ਸਕੀਮਾ ਬਣਾਕੇ ਕੰਮ ਸ਼ੁਰੂ ਕਰ ਦਿੰਦੀਆਂ ਹਨ। ਇਸ ਨਾਲ ਦੇਸ਼ ਦੀ ਆਰਕਿਕਤਾ ਨੂੰ ਢਾਹ ਲੱਗਦੀ ਹੈ। ਦੋਵੇਂ ਪੁਰਾਣੀਆਂ ਅਤੇ ਨਵੀਆਂ ਸਕੀਮਾ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀਆਂ। ਜਰੂਰਤ ਇਸ ਗੱਲ ਦੀ ਹੈ ਕਿ ਕੋਈ ਪੁਰਾਣੀ ਸਕੀਮ ਬੰਦ ਨਾ ਕੀਤੀ ਜਾਵੇ ਸਗੋਂ ਜਾਰੀ ਰੱਖੀ ਜਾਵੇ ਤਾਂ ਜੋ ਉਸਦੇ ਅਮਲ ਤੋਂ ਲੋਕ ਲਾਭ ਉਠਾ ਸਕਣ ਕਿਉਂਕਿ ਸਰਕਾਰ ਦਾ ਮੁਖ ਮੰਤਵ ਤਾਂ ਲੋਕਾਂ ਨੂੰ ਲਾਭ ਪਹੁੰਚਾਉਣਾ ਹੁੰਦਾ ਹੈ। ਹਾਂ ਜੇਕਰ ਕੋਈ ਸਕੀਮ ਬਿਲਕੁਲ ਹੀ ਅਮਲੀ ਨਾ ਹੋਵੇ ਜਾਂ ਸਮੇਂ ਦੀ ਲੋੜ ਨਾ ਰਹੀ ਹੋਵੇ ਤਾਂ ਉਹ ਇੱਕਾ ਦੁੱਕਾ ਸਕੀਮ ਬੰਦ ਕੀਤੀ ਜਾ ਸਕਦੀ ਹੈ। ਅੱਜ ਕਲ੍ਹ ਲੋਕ ਪੜ੍ਹੇ ਲਿਖੇ ਹਨ, ਉਹ ਹਰ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਭਲੀ ਭਾਂਤ ਜਾਣਦੇ ਹਨ ਤਾਂ ਹੀ ਤਾਂ ਉਹ ਆਪਣੀ ਵੋਟ ਦੇ ਅਧਿਕਾਰ ਨਾਲ ਸਰਕਾਰ ਬਦਲ ਦਿੰਦੇ ਹਨ। ਮੋਦੀ ਸਰਕਾਰ ਲੋਕਾਂ ਦੀ ਚੇਤਨਤਾ ਅਤੇ ਯੂ.ਪੀ.ਏ.ਸਰਕਾਰ ਦੀਆਂ ਅਸਫਲਤਾਵਾਂ ਦੇ ਸਿੱਟੇ ਵਜੋਂ ਹੀ ਆਈ ਹੈ, ਨਾਲੇ ਪੂਰੇ ਬਹੁਮਤ ਨਾਲ ਠੋਕ ਵਜਾ ਕੇ ਆਈ ਹੈ। ਇਸ ਲਈ ਸਰਕਾਰਾਂ ਨੂੰ ਬਦਲੇ ਦੀ ਭਾਵਨਾ ਨਾਲ ਕੰਮ ਨਹੀਂ ਕਰਨੇ ਚਾਹੀਦੇ। ਇਸ ਕਰਕੇ ਸਮਾਰਟ ਸਕੀਮ ਅਧੀਨ ਪਹਿਲਾਂ ਬਣੇ ਸ਼ਹਿਰਾਂ ਦੀ ਹੀ ਸਾਰ ਲੈ ਲਈ ਜਾਵੇ ਤਾਂ ਚੰਗੀ ਗੱਲ ਹੈ। ਉਨ੍ਹਾਂ ਸ਼ਹਿਰਾਂ ਵਿਚ ਹੀ ਅਜੇ ਤਾਂ ਪੂਰੀਆਂ ਸਿਵਿਕ ਸਹੂਲਤਾਂ ਉਪਲਭਧ ਨਹੀਂ ਹਨ। ਬੇਸ਼ਕ 1-1 ਰਾਜ ਵਿਚੋਂ 2-2 ਸ਼ਹਿਰ ਚੁਣ ਲਏ ਜਾਣ ਨਵੇਂ ਸ਼ਹਿਰ ਬਣਾਉਣ ਦਾ ਖਿਆਲ ਤਿਆਗ ਦਿੱਤਾ ਜਾਵੇ।

ਇਹ ਮੁੰਗੇਰੀ ਲਾਲ ਦਾ ਸਪਨਾ ਵੀ ਬਾਦਲ ਸਰਕਾਰ ਦੇ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਸ਼ਹਿਰੀ ਸਹੂਲਤਾਂ ਦੇਣ ਲਈ ਬਣਾਏ ਗਏ 'ਫ਼ੋਕਲ ਪੁਆਇੰਟਾਂ ' ਦੀ ਤਰ੍ਹਾਂ ਹੋਵੇਗਾ ਜਿਹੜੇ 25 ਸਾਲਾਂ ਬਾਅਦ ਵੀ ਉਜਾੜ ਪਏ ਹਨ ਕਿਉਂਕਿ ਭਾਰਤ ਦੀ ਸਿਆਸਤ ਹੀ ਅਜੀਬ ਕਿਸਮ ਦੀ ਹੈ ਕਿ ਪਹਿਲੀ ਸਰਕਾਰ ਦੀਆਂ ਬਣਾਈਆਂ ਹੋਈਆਂ ਸਕੀਮਾ ਨੂੰ ਆਉਣ ਵਾਲੀ ਸਰਕਾਰ ਜਾਂ ਤਾਂ ਛੱਡ ਦਿੰਦੀ ਹੈ ਜਾਂ ਉਹ ਅੱਧ ਵਿਚਕਾਰ ਹੀ ਲਟਕ ਜਾਂਦੀਆਂ ਹਨ। ਪੰਜਾਬ, ਹਰਿਆਣਾ ਅਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਲਈ ਤਾਂ ਇੱਕ ਸ਼ਹਿਰ ਚੰਡੀਗੜ੍ਹ ਸਾਂਝੀ ਰਾਜਧਾਨੀ ਵਾਲਾ ਸ਼ਹਿਰ ਹੈ। ਬਿਹਤਰ ਇਹ ਰਹੇਗਾ ਕਿ ਇਸ ਸਕੀਮ ਅਧੀਨ ਦੋਹਾਂ ਰਾਜਾਂ ਨੂੰ ਆਪੋ ਆਪਣੀਆਂ ਰਾਜਧਾਨੀਆਂ ਬਣਾਉਣ ਲਈ ਖ਼ਰਚਾ ਦੇ ਦਿੱਤਾ ਜਾਵੇ ਅਤੇ ਇਹ ਰਾਜ ਆਪੋ ਆਪਣੇ ਰਾਜਾਂ ਦੇ ਕੇਂਦਰੀ ਸਥਾਨ ਵਿਚ ਆਪਣੀਆਂ ਰਾਜਧਾਨੀਆਂ ਬਣਾ ਲੈਣ, ਚੰਡੀਗੜ੍ਹ ਕੇਂਦਰੀ ਸ਼ਾਸ਼ਤ ਪ੍ਰਦੇਸ਼ ਹੀ ਰਹਿਣ ਦਿੱਤਾ ਜਾਵੇ ਕਿਉਂਕਿ ਚੰਡੀਗੜ੍ਹ ਕਿਸੇ ਵੀ ਰਾਜ ਦੇ ਕੇਂਦਰ ਵਿਚ ਨਹੀਂ ਸਗੋਂ ਉਨ੍ਹਾਂ ਦੇ ਰਾਜਾਂ ਦੇ ਇੱਕ ਕੋਨੇ ਵਿਚ ਸਥਿਤ ਹੈ। ਨਾਲੇ ਕੋਈ ਇੱਕ ਰਾਜ ਨਾਰਾਜ਼ ਨਹੀਂ ਹੋਵੇਗਾ। ਵੈਸੇ ਚੰਡੀਗੜ੍ਹ ਬਣਾਉਣ ਲਈ ਪੰਜਾਬ ਦੇ ਪਿੰਡ ਉਜਾੜੇ ਗਏ ਸਨ, ਪੰਜਾਬ ਦਾ ਹੀ ਹੱਕ ਬਣਦਾ ਹੈ। ਪ੍ਰੰਤੂ ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤੀਵਾਨਾ ਨੇ ਇਸ ਤਰ੍ਹਾਂ ਹੋਣ ਨਹੀਂ ਦੇਣਾ ਕਿਉਂਕਿ ਉਨ੍ਹਾਂ ਦੀਆਂ ਕੋਠੀਆਂ ਚੰਡੀਗੜ੍ਹ ਵਿਚ ਹਨ। ਪੰਜਾਬ ਲਈ ਕੇਂਦਰੀ ਸ਼ਹਿਰ ਲੁਧਿਆਣਾ ਜਾਂ ਜਲੰਧਰ ਵਿਚੋਂ ਇੱਕ ਚੁਣਿਆਂ ਜਾ ਸਕਦਾ ਹੈ। ਪਤਾ ਲੱਗਾ ਹੈ ਕਿ ਪੰਜਾਬ ਵਿਚੋਂ ਪਟਿਆਲਾ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਨੂੰ ਸਮਾਰਟ ਸਿਟਹ ਬਣਾਉਣ ਦੇ ਚਰਚੇ ਹਨ। ਇਹ ਸਚਾਈ ਨਹੀਂ ਹੋ ਸਕਦੀ ਕਿਉਂਕਿ ਇੱਕ ਰਾਜ ਵਿਚੋਂ ਹੀ ਪਹਿਲੇ ਗੇੜ ਵਿਚ ਚਾਰ ਸ਼ਹਿਰ ਚੁਣੇ ਜਾ ਸਕਣ ਕਿਉਂਕਿ ਪਹਿਲੇ ਗੇੜ ਵਿਚ ਤਾਂ 20 ਸ਼ਹਿਰ ਹੀ ਚੁਣਨੇ ਹਨ। ਇਹ ਤਾਂ ਸਿਰਫ ਅਖ਼ਬਾਰਾਂ ਦੀਆਂ ਹੀ ਖ਼ਬਰਾਂ ਹਨ। ਹਰਿਆਣਾ ਲਈ ਕਰਨਾਲ ਸਭ ਤੋਂ ਢੁਕਵਾਂ ਸ਼ਹਿਰ ਹੈ। ਇਸ ਸਕੀਮ ਅਧੀਨ ਕੇਂਦਰ ਸਰਕਾਰ ਨੇ ਪੰਜ ਸਾਲਾਂ ਵਿਚ 48000 ਕਰੋੜ ਰੁਪਏ ਖ਼ਰਚਣੇ ਹਨ। ਹਰ ਸਾਲ ਹਰ ਸ਼ਹਿਰ ਲਈ 100 ਕਰੋੜ ਰੁਪਿਆ ਦਿੱਤਾ ਜਾਵੇਗਾ ਅਤੇ 100 ਕਰੋੜ ਹੀ ਰਾਜ ਸਰਕਾਰ ਨੂੰ ਮੈਚਿੰਗ ਗ੍ਰਾਂਟ ਦੇ ਤੌਰ ਤੇ ਪਾਉਣਾ ਪਵੇਗਾ। ਪਹਿਲੇ ਸਾਲ 2015-16 ਲਈ 20 ਸ਼ਹਿਰ ਚੁਣੇ ਜਾਣਗੇ। 15 ਜੂਨ ਤੱਕ ਰਾਜਾਂ ਤੋਂ ਸ਼ਹਿਰਾਂ ਦੀ ਸੂਚੀ ਮੰਗੀ ਗਈ ਹੈ। 30 ਨਵੰਬਰ ਤੱਕ ਕੇਂਦਰ ਸਰਕਾਰ ਦਾ ਸ਼ਹਿਰੀ ਵਿਕਾਸ ਮੰਤਰਾਲਾ ਸ਼ਹਿਰਾਂ ਦੀ ਚੋਣ ਕਰੇਗਾ। ਜੇਕਰ ਅਮਲੀ ਤੌਰ ਤੇ ਵੇਖਿਆ ਜਾਵੇ ਤਾਂ 30 ਨਵੰਬਰ ਤੋਂ ਮਾਰਚ 2016 ਤੱਕ ਸਿਰਫ 4 ਮਹੀਨੇ ਬਾਕੀ ਹਨ। ਉਨ੍ਹਾਂ 4 ਮਹੀਨਿਆਂ ਵਿਚ ਤਾਂ ਕੋਈ ਵੀ ਕਾਰਵਾਈ ਹੋ ਨਹੀਂ ਸਕਣੀ। ਇਸ ਲਈ ਸਕੀਮਾ ਬਣਾਉਣ ਤੋਂ ਪਹਿਲਾਂ ਬੜੇ ਧੀਰਜ ਨਾਲ ਸੋਚਣਾ ਚਾਹੀਦਾ ਹੈ। ਅਗਲੇ ਸਾਲ ਤੱਕ ਸਾਰਾ ਖ਼ਰਚਾ ਮਹਿੰਗਾਈ ਕਰਕੇ ਦੁਗਣਾ ਹੋ ਜਾਵੇਗਾ। ਪਹਿਲੀ ਗੱਲ ਤਾਂ ਇਹ ਹੈ ਕਿ ਸ਼ਹਿਰਾਂ ਦੀ ਚੋਣ ਉਥੇ ਤਾਂ ਸ਼ਾਇਦ ਹੋ ਜਾਵੇ ਜਿੱਥੇ ਵਰਤਮਾਨ ਕੇਂਦਰ ਸਰਕਾਰ ਦੀਆਂ ਰਾਜਾਂ ਵਿਚ ਭਾਰਤੀ ਜਨਤਾ ਪਾਰਟੀ ਜਾਂ ਉਸ ਦੇ ਸਹਿਯੋਗੀਆਂ ਦੀਆਂ ਸਰਕਾਰਾਂ ਹਨ। ਦੂਜੇ ਰਾਜਾਂ ਵਿਚ ਤਾਂ ਰਾਜਨੀਤਕ ਕਾਰਨਾ ਕਰਕੇ ਸ਼ਹਿਰਾਂ ਦੀ ਚੋਣ ਹੀ ਨਹੀਂ ਹੋ ਸਕਣੀ।

ਇਸ ਸਾਰੀ ਵਿਚਾਰ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਆਧੁਨਿਕ ਸਹੂਲਤਾਂ ਵਾਲੇ ਸਮਾਰਟ ਸ਼ਹਿਰ ਬਣਾਉਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਅਮਲੀ ਤੌਰ ਵੇਖਣਾ ਵੀ ਜ਼ਰੂਰੀ ਹੈ ਕਿ ਕੀ ਇਹ ਵਰਤਮਾਨ ਹਾਲਾਤ ਵਿਚ ਸੰਭਵ ਵੀ ਹੈ? ਬਿਹਤਰ ਇਹੋ ਹੋਵੇਗਾ ਕਿ ਹਰ ਰਾਜ ਦੇ ਵਰਤਮਾਨ ਮੁਖ ਸ਼ਹਿਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਹੋਰ ਵਿਕਸਤ ਕੀਤਾ ਜਾਵੇ ਕਿਉਂਕਿ ਕਿਸੇ ਰਾਜ ਦੀ ਆਰਥਿਕ ਹਾਲਤ ਇਜ਼ਾਜਤ ਨਹੀਂ ਦਿੰਦੀ ਕਿ ਉਹ ਮੈਚਿੰਗ ਗ੍ਰਾਂਟ ਪਾ ਸਕਣ। ਹੱਥਾਂ ਨਾ ਵੜੇ ਪਕਾਉਣੇ ਅਤੇ ਖਿਆਲੀ ਪਲਾਓ ਬਣਾਉਣੇ ਵਾਜਬ ਨਹੀਂ ਹੁੰਦੇ ਨਾਲੇ ਆਧੁਨਿਕਤਾ ਦੇ ਜ਼ਮਾਨੇ ਵਿਚ ਲੋਕ ਲਾਰੇ ਲਾਉਣ ਨੂੰ ਬਰਦਾਸ਼ਤ ਨਹੀਂ ਕਰਦੇ। ਸਪਨੇ ਵੇਖਣਾ ਮਾੜੀ ਗੱਲ ਨਹੀ ਪ੍ਰੰਤੂ ਦਿਨ ਨੂੰ ਸਪਨੇ ਵੇਖਣਾ ਖਤਰਨਾਕ ਹੁੰਦੇ ਹਨ।

# 'ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ'

15 ਫਰਵਰੀ 1915 ਨੂੰ ਰਾਸ ਬਿਹਾਰੀ ਬੋਸ ਨੂੰ ਮਿਲੇ ਸਨ। ਵਿਦਰੋਹ ਦੀ ਤਾਰੀਕ ਸਰਬ-ਸੰਮਤੀ ਨਾਲ 19 ਫਰਵਰੀ, 1915 ਰੱਖੀ ਗਈ। ਇਸ ਨੂੰ ਰੋਕਣ ਲਈ ਪੰਜਾਬ ਦੀ ਸੀ. ਆਈ. ਡੀ. ਨੂੰ ਸਮਾਂ ਮਿਲ ਗਿਆ। ਰੰਗੂਨ ਵਿਖੇ 130 ਬਲੋਚੀ ਬਟਾਲੀਅਨ ਨੇ 21 ਫਰਵਰੀ ਨੂੰ ਵਿਦਰੋਹ ਕਰਨਾ ਸੀ ਜਿਸ ਨੂੰ ਸਰਕਾਰ ਨੇ ਆਪਣੇ ਪੂਰੇ ਜ਼ੋਰ ਨਾਲ ਦਬਾਅ ਦਿੱਤਾ। ਇਸੇ ਤਰ੍ਹਾਂ ਹੀ 26ਵੀਂ ਪੰਜਾਬ ਰਜਿਮੈਂਟ, 7ਵੀਂ ਰਾਜਪੂਤ ਰਜਿਮੈਂਟ, 130ਵੀਂ ਬਲੋਚ ਰਜਿਮੈਂਟ, 24ਵੀਂ ਜਾਟ ਆਰਟਿਲਰੀ (ਤੋਪਖਾਨੇ ਦੀ ਫੌਜ) ਤੇ ਹੋਰ ਦੂਸਰੀਆਂ ਰਜਿਮੈਂਟਾਂ ਨੂੰ ਸਰਕਾਰ ਨੇ ਸਖ਼ਤੀ ਨਾਲ ਦਬਾਅ ਦਿੱਤਾ। ਇਸੇ ਹੀ ਤਰ੍ਹਾਂ ਫਿਰੋਜ਼ਪੁਰ, ਲਾਹੌਰ ਤੇ ਆਗਰੇ ਦੇ ਵਿਦ੍ਰੋਹਾਂ ਨੂੰ ਵੀ ਸਰਕਾਰ ਨੇ ਸਖ਼ਤੀ ਨਾਲ ਦਬਾਅ ਦਿੱਤਾ ਤੇ ਬਹੁਤ ਸਾਰੇ ਮੁੱਖ ਲੀਡਰ, ਜਿਹੜੇ ਕਿ ਇਸ ਵਿਦਰੋਹ ਦੀ ਅਗਵਾਈ ਕਰ ਰਹੇ ਸਨ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਫਿਰ ਵੀ ਕਾਫੀ ਲੀਡਰ ਗ੍ਰਿਫ਼ਤਾਰੀ ਤੋਂ ਬਚ ਗਏ। ਅੰਤ 'ਚ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੇਰਠ ਵਿਖੇ 12ਵੇਂ ਘੋੜ ਸਵਾਰ ਰਸਾਲੇ 'ਚ ਵਿਦਰੋਹ ਕਰਵਾਉਣ ਦੀ ਮਿਤੀ 23 ਮਾਰਚ, 1915 ਨੂੰ ਜੁੱਰਤ ਕੀਤੀ। ਕਰਤਾਰ ਸਿੰਘ ਸਰਾਭਾ ਲਾਹੌਰ ਤੋਂ ਬਨਾਰਸ ਨੂੰ ਬਚ ਨਿਕਲਿਆ, ਪ੍ਰੰਤੂ ਘੋੜ ਸਵਾਰ ਫੌਜ ਦੇ ਨਜ਼ਦੀਕੋਂ, ਮੇਰਠ ਵਿਖੇ ਮਿਤੀ 23 ਮਾਰਚ, 1915 ਨੂੰ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਰਾਤ ਦੇ ਸਮੇਂ ਗ੍ਰਿਫ਼ਤਾਰ ਕਰ ਲਿਆ।

ਉਸ ਪਾਸ 10 ਬੰਬ ਜੋ ਕਿ ਬਹੁਤ ਹੀ ਸ਼ਕਤੀਸ਼ਾਲੀ ਸਨ, ਜਿਹਨਾਂ ਨਾਲ ਦਿੱਲੀ ਵਿਖੇ ਲਾਰਡ ਹਾਰਡਿੰਗ ਨੂੰ ਕਤਲ ਕਰਨਾ ਸੀ। ਇਹ ਬੰਬਈ ਪੁਲਿਸ ਦੀ ਸੂਚਨਾ ਅਨੁਸਾਰ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਬੰਬ ਇਕ ਪੂਰੀ ਰਜਿਮੈਂਟ ਨੂੰ ਉਡਾਅ ਸਕਦੇ ਸਨ। ਪੰਜਾਬ ਤੇ ਕੇਂਦਰੀ ਪ੍ਰਸ਼ਾਸਨਿਕ ਇਲਾਕੇ 'ਚ ਵੀ ਬੜੀ ਵੱਡੀ ਪੱਧਰ 'ਤੇ ਗਦਰੀ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਰਾਸ ਬਿਹਾਰੀ ਬੋਸ ਲਾਹੌਰ ਤੋਂ ਬਚ ਨਿਕਲਿਆ ਤੇ ਮਈ 1915 ਨੂੰ ਜਾਪਾਨ ਵਿਖੇ ਚਲਾ ਗਿਆ। ਦੂਸਰੇ ਲੀਡਰਾਂ ਜਿਹਨਾਂ 'ਚ ਗਿਆਨੀ ਪ੍ਰੀਤਮ ਸਿੰਘ, ਸਵਾਮੀ ਸਤਿਆਨੰਦਪੁਰੀ ਤੇ ਹੋਰ ਕਈ ਨੇਤਾ ਥਾਈਲੈਂਡ ਚਲੇ ਗਏ ਤੇ ਕਈ ਜੋ ਗਦਰੀ ਕ੍ਰਾਂਤੀਕਾਰੀਆਂ ਨਾਲ ਹਮਦਰਦੀ ਰੱਖਦੇ ਸਨ, ਉਥੇ ਚਲੇ ਗਏ।

*ਅੱਜ ਅਸੀਂ ਆਜ਼ਾਦ ਹਾਂ। ਭਾਰਤ ਨੂੰ ਅੰਗਰੇਜ਼ਾਂ ਤੋਂ 1947 ' ਆਜ਼ਾਦੀ ਮਿਲੀ ਸੀ। ਲੇਕਿਨ ਇਹ ਆਜ਼ਾਦੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਅੱਜ ਇਸ ਰਾਸ਼ਟਰੀ ਤੇ ਅੰਤਰ ਰਾਸ਼ਟਰੀ 'ਗਦਰ ਅੰਦੋਲਨ' ਨੂੰ ਕਈ ਇਤਿਹਾਸਕਾਰ ਅਤੇ ਜਥੇਬੰਦੀਆਂ, ਭਾਰਤ ਦੀ ਆਜ਼ਾਦੀ ਲਈ ਲੜੀ ਗਈ, ਇਸ ਹਥਿਆਰਬੰਦ ਲੜਾਈ ਨੂੰ ਨਿਰੋਲ 'ਸਿੱਖ ਲਹਿਰ' ਦੀ ਰੰਗਤ ਦੇ ਕੇ ਦੇਖਣ ਤੇ ਕਹਿਣ ਲੱਗ ਪਈਆਂ ਹਨ, ਜਿਸ ਨੂੰ ਕਦੀ ਵੀ ਤੇ ਕਿਸੇ ਵੀ ਤਰ੍ਹਾਂ ਇਤਿਹਾਸਕ ਸਚਾਈ ਤੇ ਠੀਕ ਨਹੀਂ ਮੰਨਿਆ ਜਾ ਸਕਦਾ, ਹਾਂ ਇਹ ਗੱਲ ਜ਼ਰੂਰ ਦਰੁੱਸਤ ਹੈ ਕਿ ਇਸ 'ਗਦਰ ਅੰਦੋਲਨ' 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਪੰਜਾਬੀ ਸਿੱਖ ਨੌਜਵਾਨ ਯੋਧਿਆਂ ਦੀਆਂ ਕੁਰਬਾਨੀਆਂ ਦੇਣ ਦੀ ਗਿਣਤੀ, ਬਾਕੀ ਸਭ ਵਰਗਾਂ ਨਾਲੋਂ ਸਭ ਤੋਂ ਜ਼ਿਆਦਾ ਹੈ। ਇਸ 'ਗਦਰ ਅੰਦੋਲਨ' 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਰਹਿੰਦੇ ਸਭ ਵਰਗਾਂ ਦੇ ਹਜ਼ਾਰਾਂ ਲੋਕਾਂ ਨੇ ਹੱਸਦੇ-ਹੱਸਦੇ ਆਪਣੀ ਜਾਨ ਨਿਛਾਵਰ ਕੀਤੀ ਸੀ। ਦੇਸ਼ ਦੇ ਅਜਿਹੇ ਨੌਜਵਾਨਾਂ ਵਿਚੋਂ 'ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ' ਜੋ ਜ਼ਿਲ੍ਹਾ ਪੂਨਾ, ਮਹਾਰਾਸ਼ਟਰ ਦੇ ਸਨ, ਦਾ ਨਾਮ ਸਿਰਮੌਰ ਸ਼ਹੀਦਾਂ ਦੀ ਗਿਣਤੀ 'ਚ ਲਿਆ ਜਾਂਦਾ ਹੈ। ਪਿੰਗਲੇ ਜੀ ਦਾ ਨਾਮ ਆਉਂਦਿਆਂ ਹੀ ਇਕ ਅਜਿਹੇ ਸੁਤੰਤਰਤਾ ਸੈਨਾਨੀ ਦਾ ਨਾਮ ਸਾਹਮਣੇ ਆਉਂਦਾ ਹੈ, ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਫਾਂਸੀ ਨੂੰ ਹੱਸਦੇ-ਹੱਸਦੇ ਸਵੀਕਾਰ ਕੀਤਾ। ਪਿੰਗਲੇ ਨੇ ਉਸ ਸਮੇਂ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਵੱਸਦੇ ਭਾਰਤੀ ਨੌਜਵਾਨਾਂ ਦੇ ਦਿਲਾਂ 'ਚ ਜੋ ਕ੍ਰਾਂਤੀ ਦੀ ਮਿਸਾਲ ਜਗਾਈ ਸੀ, ਉਸ ਨੂੰ ਅਦੁੱਤੀ ਮੰਨਿਆ ਜਾਂਦਾ ਹੈ। ਵਿਸ਼ਨੂੰ ਗਣੇਸ਼ ਪਿੰਗਲੇ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਤੇ ਖੁਦ ਵੀ ਇਸੇ ਰਸਤੇ ਤੇ ਚਲਦੇ ਹੋਏ, ਹੱਸਦੇ-ਹੱਸਦੇ ਫਾਂਸੀ 'ਤੇ ਝੂੰਮ ਗਏ ਤੇ 'ਸ਼ਹੀਦੀ' ਦਾ ਰੁਤਬਾ ਪ੍ਰਾਪਤ ਕੀਤਾ।*

ਵਿਸ਼ਨੂੰ ਗਣੇਸ਼ ਪਿੰਗਲੇ ਤੇ ਹੋਰ ਕਈ ਗਦਰੀਆਂ ਨੂੰ ਜਿਹਨਾਂ 'ਚ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਤੇ ਭਾਈ ਪਰਮਾਨੰਦ 'ਤੇ 'ਲਾਹੌਰ ਸਾਜ਼ਿਸ਼' ਤੇ 'ਹਿੰਦੂ-ਜਰਮਨ ਸਾਜ਼ਿਸ਼' ਕੇਸ ਅਪ੍ਰੈਲ 1915 ਨੂੰ, 'ਸਪੈਸ਼ਲ ਟ੍ਰਿਬਿਊਨਲ' ਨਿਯੁਕਤ ਕਰਕੇ 'ਡੀਫੈਂਸ ਆਫ਼ ਇੰਡੀਆ ਐਕਟ 1915' ਦੇ ਅਧੀਨ ਮੁਕੱਦਮਾ ਚਲਾਇਆ ਗਿਆ ਕਿ ਫਰਵਰੀ, 1915 ਦੇ 'ਗਦਰ ਦੀ ਸਾਜ਼ਿਸ਼' 'ਚ ਇਹਨਾਂ ਦਾ ਹੱਥ ਹੈ ਤੇ ਮਿਤੀ 16 ਨਵੰਬਰ, 1915 ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਤੇ ਇਹਨਾਂ ਦੇ ਛੇ ਹੋਰ ਸਾਥੀਆਂ, ਜਿਹਨਾਂ 'ਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ, ਨੂੰ ਲਾਹੌਰ ਸੈਂਟਰਲ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਇੱਥੇ ਇਹ ਕਹਿਣਾ ਬੜਾ ਜ਼ਰੂਰੀ ਹੈ ਕਿ ਇਹਨਾਂ ਗਦਰੀ ਯੋਧਿਆਂ ਨੇ ਜਿਸ ਤਰ੍ਹਾਂ ਦਾ ਆਪਣੇ ਦੇਸ਼ ਨੂੰ ਸਿਰਜਣ ਦਾ ਸੁਪਨਾ ਲਿਆ ਸੀ, ਉਹ ਆਜ਼ਾਦੀ ਪ੍ਰਾਪਤ ਕਰ ਲੈਣ ਬਾਅਦ ਵੀ ਪੂਰਾ ਨਹੀਂ ਹੋਇਆ।

ਅੱਜ ਭਾਰਤ ਦੇਸ਼ 'ਚ 40 ਪ੍ਰਤੀਸ਼ਤ ਦੇ ਕਰੀਬ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ। ਭ੍ਰਿਸ਼ਟ ਰਾਜਨੀਤਿਕ ਲੋਕ ਤੇ 'ਆਪੇ ਬਣੇ ਰੱਬ' ਸਾਧ-ਫਕੀਰ ਧਰਮਾਂ ਦੇ ਨਾਮ 'ਤੇ ਦੋਹਾਂ ਹੱਥਾਂ ਨਾਲ ਦੇਸ਼ ਦੀ ਭੋਲੀ-ਭੋਲੀ ਜਨਤਾ ਨੂੰ ਗੁੰਮਰਾਹ ਤੇ ਮੂਰਖ ਬਣਾ ਕੇ, ਲੁੱਟ ਕੇ ਅਮੀਰ ਹੋਈ ਜਾ ਰਹੇ ਹਨ ਤੇ ਇਹੀ ਲੋਕਾਂ ਦੀ ਵਿਗਿਆਨਕ ਸੋਚ ਬਣਨ 'ਚ ਵੱਡਾ ਰੋੜਾ ਬਣੀ ਬੈਠੇ ਹਨ। ਅੱਜ ਅਜਿਹੇ ਲੋਕਾਂ ਦੇ ਖ਼ਿਲਾਫ਼ ਲਾਮਬੰਦ ਹੋਣ ਦਾ ਸਮਾਂ ਹੈ ਤਾਂ ਜੋ ਗਦਰੀ ਬਾਬਿਆਂ ਦੇ ਆਪਣੇ ਦੇਸ਼ ਪ੍ਰਤੀ ਸੰਜੋਏ ਗਏ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਅੱਜਕਲ੍ਹ ਦੇ ਨੌਜਵਾਨਾਂ ਨੂੰ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਤੇ ਉਹਨਾਂ ਦੇ ਦੂਸਰੇ ਸ਼ਹੀਦ ਹੋਏ ਸਾਥੀਆਂ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਜਾਨਣ ਤੇ ਸਮਝਾਉਣ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰਤ ਹੈ। ਮੈਂ ਇਹਨਾਂ ਮਹਾਨ ਭਾਰਤੀ ਸਪੂਤਾਂ ਨੂੰ, ਇਹਨਾਂ ਦੇ ਸ਼ਤਾਬਦੀ ਵਰ੍ਹੇ 'ਤੇ ਆਪਣੇ ਸ਼ਰਧਾ ਸੁੰਮਨ ਭੇਟ ਕਰਦਾ ਹਾਂ।






# ਏਨੇ ਅੰਤ ਤੂੰ ਜ਼ਾਲਮਾ ਕਿਉਂ ਲੈਂਦਾ



ਡਾ. ਕਰਮਜੀਤ ਸਿੰਘ
91-98763-23862




ਸਮਾਜ ਵਿਗਿਆਨ ਨੇ ਸਾਨੂੰ ਦੋ ਤਰ੍ਹਾਂ ਦੇ ਸਮਾਜਾਂ ਨਾਲ ਵਾਕਫ਼ ਕਰਵਾਇਆ। ਇਨ੍ਹਾਂ ਦਾ ਆਧਾਰ ਪ੍ਰਧਾਨਤਾ ਹੈ। ਪਹਿਲਾ ਹੈ ਔਰਤ ਪ੍ਰਧਾਨ ਸਮਾਜ ਤੇ ਦੂਸਰਾ ਮਰਦ ਪ੍ਰਧਾਨ ਸਮਾਜ। ਕਬੀਲਾਈ ਸਮਾਜਾਂ ਦਾ ਅਧਿਐਨ ਕਰਨ ਉਪਰੰਤ ਸਮਾਜ ਸ਼ਾਸਤਰੀਆਂ ਨੇ ਔਰਤ ਮਰਦ ਪ੍ਰਧਾਨ ਤੋਂ ਮਰਦ ਪ੍ਰਧਾਨ ਸਮਾਜ ਦੇ ਪਰਿਵਰਤਨ ਦਾ ਕਾਰਨ ਆਰਥਿਕ ਦੱਸਿਆ ਹੈ। ਪਹਿਲਾਂ ਪਹਿਲ ਔਰਤ ਘਰ ਵਿਚ ਰਹਿੰਦੀ ਸੀ ਤੇ ਮਰਦ ਸ਼ਿਕਾਰ ਕਰਨ ਜਾਂਦਾ। ਆਪਣੀ ਜੈਵਿਕ ਲੋੜ ਕਾਰਨ ਬੱਚੇ ਪੈਦਾ ਕਰਨ ਲਈ ਔਰਤ ਨੂੰ ਘਰ ਵਿਚ ਰਹਿਣ ਦੀ ਮਜਬੂਰੀ ਵੀ ਸੀ। ਇਸੇ ਲਈ ਇਹ ਵੀ ਕਿਹਾ ਜਾਂਦਾ ਹੈ ਕਿ ਅੰਨ ਉਗਾਉਣ ਦੀ ਕਲਾ ਦਾ ਵਿਕਾਸ ਔਰਤ ਨੇ ਹੀ ਕੀਤਾ। ਘਰ ਨੂੰ ਸਜਾ ਕੇ ਸੁਹਜਮਈ ਬਣਾਉਣਾ ਵੀ ਉਸ ਦੇ ਹਿੱਸੇ ਆਇਆ। ਪਰ ਸਮਾਂ ਬੀਤਣ ਨਾਲ ਮਰਦ ਨੇ ਕੁਦਰਤੀ ਮਿਲੀ ਸਰੀਰਕ ਤਾਕਤ ਦੇ ਆਧਾਰ 'ਤੇ ਘਰੇਲੂ ਆਰਥਿਕਤਾ ਉੱਪਰ ਆਪਣਾ ਕਬਜ਼ਾ ਕਰ ਲਿਆ। ਜਾਇਦਾਦੀ ਰਿਸ਼ਤੇ ਪੈਦਾ ਹੋਣ ਨਾਲ ਜਾਇਦਾਦ ਦਾ ਵਾਰਸ ਮਰਦ ਨੂੰ ਬਣਾਇਆ ਗਿਆ। ਇਉਂ ਵਾਰਸ ਲਈ ਮੁੰਡੇ ਦੀ ਕਾਮਾ ਨੇ ਕਾਨੂੰਨੀ ਦਰਜਾ ਵੀ ਹਾਸਲ ਕਰ ਲਿਆ। ਔਰਤ ਆਰਥਿਕਤਾ ਵਿਚੋਂ ਛੇਕਿਆਂ ਬਰਾਬਰ ਹੋ ਗਈ। ਹੁਣ ਤਾਂ ਉਸ ਨੂੰ ਮੁੰਡਾ ਜੰਮ ਕੇ ਨਾ ਦੇਣ ਬਦਲੇ ਸੌਂਕਣ ਵੀ ਬਰਦਾਸ਼ਤ ਕਰਨੀ ਪੈਂਦੀ। ਕਈ ਵਾਰ ਉਹ ਘਰ ਵਿਚ ਵਸੇ ਰਹਿਣ ਲਈ ਆਪ ਹੱਥੀਂ ਆਪਣੀ ਭੈਣ ਨੂੰ ਸੌਂਕਣ ਬਣਾ ਕੇ ਲਿਆਉਂਦੀ। ਇਹ ਸਾਰਾ ਕੁਝ ਔਰਤ ਦੇ, ਦਰਜੇ ਦੇ ਨਿਘਾਰ ਦੀ ਅਲਾਮਤ ਹੀ ਹੈ। ਹੁਣ ਸਾਇੰਸ ਨੇ ਇਹ ਦੱਸ ਦਿੱਤਾ ਹੈ ਕਿ ਮੁੰਡਾ ਪੈਦਾ ਕਰਨਾ ਜਾਂ ਨਾ ਕਰਨਾ ਔਰਤ ਦੇ ਵੱਸ ਵਿਚ ਨਹੀਂ। ਇਹ ਮਰਦ ਦੇ ਸਪਰਮਾਂ ਉੱਪਰ ਨਿਰਭਰ ਹੈ। ਪਰ ਅੱਜ ਵੀ ਅਗਿਆਨੀ ਖੇਤਰਾਂ ਵਿਚ ਮਰਦ, ਮਰਦ ਹੀ ਹੈ। ਅਜਿਹੀਆਂ ਸਥਿਤੀਆਂ ਨੇ ਇਤਿਹਾਸ ਵਿਚ ਅਰਬਾਂ-ਖਰਬਾਂ ਔਰਤਾਂ ਦੀ ਮਾਨਸਿਕਤਾ ਨੂੰ ਦੁਖਾਂਤ ਵੱਲ ਧੱਕਿਆ ਹੈ। ਅਜੋਕੇ ਬਰਾਬਰੀ ਦੇ ਯੁੱਗ ਵਿਚ ਜੇ ਮੁੰਡਾ ਨਾ ਜੰਮਣ ਦਾ ਦੰਡ ਸੌਂਕਣ ਹੈ ਜਾਂ ਤਲਾਕ, ਤਾਂ ਉਸ ਸਮੇਂ ਬਾਰੇ ਤਾਂ ਕਲਪਨਾ ਹੀ ਕੀਤੀ ਜਾ ਸਕਦੀ ਜਦੋਂ ਦੇ (ਜਾਗੀਰਦਾਰੀ ਸਮੇਂ ਦੇ) ਗੀਤ ਸਾਨੂੰ ਮਿਲਦੇ ਹਨ। ਸਮਾਜ ਦੀਆਂ ਨਜ਼ਰਾਂ ਤੋਂ ਔਰਤ ਨੂੰ ਡੇਗਣਾ ਹੋਵੇ ਤਾਂ ਔਰਤ ਦੇ ਚਰਿੱਤਰ ਉੱਪਰ ਪਏ ਚਿੱਕੜ ਦੇ ਕੁਝ ਛਿੱਟੇ ਹੀ ਕਾਫ਼ੀ ਹਨ।

ਯਥਾਰਥਕ ਜੀਵਨ ਵਿਚ ਔਰਤ ਭਾਵੇਂ ਕੁਝ ਨਹੀਂ ਬੋਲਦੀ ਪਰ ਗੀਤਾਂ ਵਿਚ ਉਹ ਆਪਣੇ ਮਨ ਦਾ ਉਬਾਲ ਜ਼ਰੂਰ ਕੱਢਦੀ ਹੈ। ਇੱਥੇ ਇਕ ਗੱਲ ਹੋਰ ਜਾਨਣੀ ਜ਼ਰੂਰੀ ਹੈ ਕਿ ਜਿਨ੍ਹਾਂ ਵਰਗਾਂ/ਜਾਤਾਂ ਵਿਚ ਜਾਇਦਾਦ ਵਧੇਰੇ ਨਹੀਂ ਅਤੇ ਔਰਤ ਘਰ ਦੀ ਆਰਥਿਕਤਾ ਵਿਚ ਪੂਰੀ ਭਾਈਵਾਲ ਹੈ, ਉਥੇ ਮਰਦ ਆਪਣੇ ਸਦੀਆਂ ਦੇ ਕਾਨੂੰਨਾਂ ਨਾਲ ਭਾਵੇਂ ਔਰਤ ਨੂੰ ਦਬਾ ਲਏ ਪਰ ਉਹ ਬੋਲ-ਬਾਣੀ ਵਿਚ ਇੱਟ ਦਾ ਜਵਾਬ ਪੱਥਰ ਨਾਲ ਵੀ ਦਿੰਦੀ ਹੈ। ਭਾਵੇਂ ਅੰਤ ਵਿਚ ਉਸ ਨੂੰ ਨਿਉਣਾ ਪੈਂਦਾ ਹੈ। ਪਰ ਲੋਕ-ਗੀਤਾਂ ਵਿਚ ਜੋ ਉਸ ਦੀ ਰਚਨਾ ਹੈ ਉਹ ਮਰਦ ਦੀ ਬਣਾਈ ਕਾਰ ਦਾ ਉਲੰਘਣ ਵੀ ਕਰਦੀ ਹੈ। ਇੱਥੇ ਮੈਂ ਇਕ ਅਜਿਹੇ ਗੀਤ ਬਾਰੇ ਚਰਚਾ ਕਰ ਰਿਹਾ ਹਾਂ ਜਿਸ ਵਿਚ ਮਰਦ ਪ੍ਰਧਾਨਤਾ ਦੇ ਸ਼ੱਕ ਤੇ ਔਰਤ ਦਾ ਅਖੀਰ 'ਤੇ ਜਵਾਬੀ ਹਮਲਾ ਸਾਹਮਣੇ ਆਉਂਦਾ ਹੈ। ਮਰਦ ਬਾਹਰੋਂ ਆਉਂਦਾ ਹੀ ਪਹਿਲਾਂ ਔਰਤ ਦੇ ਚਰਿੱਤਰ ਦੀ ਜਾਂਚ ਕਰਦਾ ਹੈ। ਘਰ ਦੀਆਂ ਵਸਤਾਂ ਦੀ ਉਸ ਨੂੰ ਏਨੀ ਚਿੰਤਾ ਨਹੀਂ ਹੁੰਦੀ। ਗੀਤ ਅਚਾਨਕ ਸ਼ੁਰੂ ਹੋ ਜਾਂਦਾ ਹੈ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ**
**ਨੀ ਵਿਹੜੇ ਜੁੱਤੀ ਨੀ ਗੋਰੀਏ ਕਿਨ ਲਾਹੀ।**

ਮਰਦ ਕਿੰਨੀ ਬਾਰੀਕੀ ਨਾਲ ਘਰ ਦੀ ਛਾਣ-ਬੀਣ ਕਰਦਾ ਹੈ, ਇਹ ਇਕ ਔਰਤ ਹੀ ਸਮਝ ਕਰਦੀ ਹੈ। ਪਹਿਲੀ ਨਜ਼ਰ ਪਈ ਜੁੱਤੀ 'ਤੇ। ਮਰਦ ਅਨੁਸਾਰ ਇਹ ਜੁੱਤੀ ਕਿਸੇ ਬਗਾਨੇ ਮਰਦ ਦੀ ਹੀ ਹੋ ਸਕਦੀ ਹੈ। ਇਹ ਘਰ ਦੇ ਜੀਆਂ ਦੀ ਵੀ ਹੋ ਸਕਦੀ ਹੈ, ਇਸ ਪਾਸੇ ਉਸ ਦੀ ਸੋਚ ਕੰਮ ਹੀ ਨਹੀਂ ਕਰਦੀ। ਔਰਤ ਨੂੰ ਦਬਾਉਣ ਲਈ ਵੀ ਅਜਿਹੀ ਛਾਣ-ਬੀਣ ਕਰਨੀ ਜ਼ਰੂਰੀ ਸਮਝੀ ਜਾਂਦੀ ਹੈ। ਔਰਤ ਬਚਾਅ (ਡਿਫੈਂਸ) 'ਤੇ ਆ ਜਾਂਦੀ ਹੈ ਤੇ ਮਰਦ ਸ਼ੁਰੂ ਤੋਂ ਹੀ ਹਮਲਾਵਰ (ਓਫੈਂਸ) 'ਤੇ ਰਹਿੰਦਾ ਹੈ।

**ਭੈਣ ਲਗਦੀ ਆ ਤੇਰੀ, ਵੇ ਨਣਦ ਲਗਦੀ ਆ ਮੇਰੀ,**
**ਵੇ ਵਿਹੜੇ ਜੁੱਤੀ ਵੇ ਜਾਲਮਾਂ ਓਨ ਲਾਹੀ।**

'ਜ਼ਾਲਮਾ' ਸ਼ਬਦ ਵੀ ਡਿਫੈਂਸ ਦਾ ਹੀ ਸੂਚਕ ਹੈ। ਔਰਤ ਘਰ ਦੇ ਜੀਆਂ ਨੂੰ ਵਿਚ ਲਿਆ ਕੇ ਢਾਲ ਵਾਂਗ ਵਰਤਦੀ ਹੈ। ਪਹਿਲਾਂ ਉਸ ਨੇ ਨਣਾਨ ਨੂੰ ਵਰਤਿਆ ਹੈ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,**
**ਨੀ ਏਨਾ ਸੁਰਮਾ ਨੀ ਗੋਰੀਏ ਕਿਉਂ ਪਾਇਆ।**
**ਭਾਬੋ ਲੱਗਦੀ ਆ ਤੇਰੀ ਵੇ ਜਠਾਣੀ ਲੱਗਦੀ ਆ ਮੇਰੀ**
**ਵੇ ਓਅਦੀ ਰੀਸੇ ਵੇ ਜਾਲਮਾ ਮੈਂ ਪਾਇਆ।**

ਦੂਜਾ ਰਿਸ਼ਤਾ ਜੋ ਢਾਲ ਬਣਿਆ ਹੈ ਉਹ ਹੈ ਜਿਠਾਣੀ ਦਾ। ਪਤੀ ਨੇ ਔਰਤ ਨੂੰ ਵੱਖ ਕਰ ਲਿਆ ਹੈ, ਜਦ ਕਿ ਉਹ ਸਾਰਿਆਂ ਨੂੰ ਵਿਚ ਲਿਆ ਕੇ ਆਪਣੀ ਧਿਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਪਤੀ ਦੀ ਸੂਈ ਇਕੋ ਥਾਂ ਟਿਕੀ ਹੋਈ ਹੈ ਕਿ ਉਸ ਦੀ ਪਤਨੀ ਕਿਸੇ ਓਪਰੇ ਮਰਦ ਨੂੰ ਦਿਖਾਉਣ ਲਈ ਹਾਰ-ਸ਼ਿੰਗਾਰ ਕਰ ਰਹੀ ਹੈ। ਉਹ ਆਪਣੇ ਸੁਹਜ ਅਨੁਸਾਰ ਵੀ ਬਣ-ਫਬ ਸਕਦੀ ਹੈ ਜਾਂ ਆਪਣੇ ਪਤੀ ਲਈ ਸ਼ਿੰਗਾਰ ਕਰ ਸਕਦੀ ਹੈ। ਇਸ ਗੱਲ ਦੀ ਕੋਈ ਗੁੰਜਾਇਸ਼ ਨਹੀਂ ਛੱਡੀ ਜਾ ਰਹੀ। ਪਤੀ ਇਸ ਤੱਥ ਨੂੰ ਪਰਵਾਨ ਨਹੀਂ ਕਰਨਾ ਚਾਹੁੰਦਾ ਕਿ ਸਦੀਆਂ ਤੋਂ ਨਹੀਂ ਹਜ਼ਾਰਾਂ ਸਾਲਾਂ ਤੋਂ ਔਰਤ ਘਰ ਵਿਚ ਰਹਿ ਕੇ ਹਾਰ-ਸ਼ਿੰਗਾਰ ਕਰਦੀ ਆਈ ਹੈ। ਮਰਦ ਲਈ ਸ਼ਿੰਗਾਰ ਕਰਨਾ ਤਾਂ ਇਕ ਪੱਖ ਹੈ। ਫਿਰ ਪਤੀ ਆਪ ਕਹਿ ਕੇ ਵੀ ਤਾਂ ਅਜਿਹ ਸ਼ਿੰਗਾਰ ਰਾਹੀਂ ਔਰਤ ਵਿਚੋਂ ਸੁਹਜ ਲੱਭਦਾ ਰਿਹਾ ਹੈ। ਫਿਰ ਸੁਰਮਾ ਪਾਉਣਾ ਤਾਂ ਸੋਲ੍ਹਾਂ ਸ਼ਿੰਗਾਰਾਂ ਵਿਚੋਂ ਇਕ ਸ਼ਿੰਗਾਰ ਹੈ। ਇੱਥੇ ਸ਼ਰੀਕਾ ਵੀ ਹੈ। ਜੇ ਜਠਾਣੀ (ਵੱਡੀ) ਇਕ ਗੱਲ ਕਰੇਗੀ ਤਾਂ ਦੂਜੀ ਕਿਉਂ ਪਿੱਛੇ ਰਹੇਗੀ। ਪਰ ਸ਼ੱਕ ਨਹੀਂ ਮੁੱਕ ਸਕਦਾ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,**
**ਨੀ ਏਨੀ ਦਾਤਣ ਨੀ ਗੋਰੀਏ ਕਿਉਂ ਕੀਤੀ।**
**ਭਾਬੋ ਲੱਗਦੀਆ ਤੇਰੀ, ਵੇ ਜਠਾਣੀ ਲਗਦੀਆਂ ਮੇਰੀ।**
**ਵੇ ਓਅਦੀ ਰੀਸੇ ਵੇ ਜ਼ਾਲਮਾ ਮੈਂ ਕੀਤੀ।**

ਜੁੱਤੀ ਦੀ ਸ਼ੱਕ ਤੋਂ ਬਾਅਦ ਸ਼ੱਕ ਸ਼ਿੰਗਾਰ ਉੱਪਰ ਆ ਕੇ ਅਟਕ ਗਿਆ ਹੈ। ਇਉਂ ਗੀਤ ਵਿਚ ਸ਼ਿੰਗਾਰਾਂ ਦਾ ਦੁਹਰਾ ਤਾਂ ਹੋਣਾ ਹੀ ਸੀ। ਜਿਹੜੀ ਗੱਲ ਡਿਫੈਂਸ ਨੂੰ ਕਾਰਗਰ ਬਣਾਉਣ ਲਈ ਵਰਤੀ ਗਈ ਹੈ ਉਹ ਇਹ ਕਿ ਜਿਸ ਕਿਸੇ ਹੋਰ ਨੇ ਉਸ ਵਰਗਾ ਕੁਝ ਕੀਤਾ ਹੈ, ਉਹ ਪਤੀ ਦੀ ਵੀ ਕੁਝ ਲੱਗਦੀ ਹੈ। ਭਰਜਾਈ। ਜੇ ਭਰਜਾਈ ਸ਼ਿੰਗਾਰ ਕਰ ਸਕਦੀ ਹੈ ਤਾਂ ਉਹ ਕਿਉਂ ਨਹੀਂ ਕਰ ਸਕਦੀ? ਤਰਕ ਜਾਇਜ਼ ਹੈ, ਪਰ ਜੇ ਨਾ ਮੰਨਣਾ ਹੋਵੇ ਤਾਂ ਸਕਤਾ ਕੋਈ ਹੋਰ ਬਹਾਨਾ ਪਾ ਕੇ ਅਗਲੇ 'ਤੇ ਝਪਟ ਸਕਦਾ ਹੈ। ਸ਼ੇਰ ਵੱਲੋਂ ਪਾਣੀ ਪੀਂਦੇ ਲੇਲੇ ਨੂੰ ਖਾਣ ਵਾਂਗ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ**
**ਨੀ ਏਨੀ ਪੱਟੀ ਕਿਉਂ ਗੋਰੀਏ ਚਮਕਾਈ**
**ਭਾਬੋ ਲੱਗਦੀ ਆ ਤੇਰੀ ਵੇ,**
**ਜਠਾਣੀ ਲਗਦੀ ਆ ਮੇਰੀ**
**ਵੇ ਓਅਦੀ ਰੀਸੇ ਵੇ ਜਾਲਮਾ ਚਮਕਾਈ।**

ਪੱਟੀ ਗੁੰਦਣਾ ਤਾਂ ਪੰਜਾਬੀ ਸਭਿਆਚਾਰ ਵਿਚ ਵਾਲਾਂ ਦੇ ਸ਼ਿੰਗਾਰ ਦਾ ਢੁਕਵਾਂ ਪੱਖ ਮੰਨਿਆ ਗਿਆ ਹੈ। 'ਜਿਨ ਸਿਰ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ' ਗੁਰੂ ਨਾਨਕ ਬਾਣੀ ਦਾ ਕਥਨ ਹੈ ਪੰਦਰਵੀਂ ਸਦੀ ਦਾ। 'ਸਿਰ ਗੁੰਦ ਦੇ ਕਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ' ਤਾਂ ਅੰਗਰੇਜ਼ਾਂ ਦੇ ਵੇਲੇ ਦੀਆਂ ਗੱਲਾਂ ਹਨ। ਪਰ ਗੀਤ ਵਿਚ ਇਹੋ ਪੱਟੀ ਚਰਿੱਤਰ ਉੱਪਰ ਸ਼ੱਕ ਵਜੋਂ ਵਰਤੀ ਗਈ ਹੈ। 'ਪੱਟੀ ਚਮਕਾਉਣ' ਦੀ ਧੁਨੀ ਗੁੰਦਾਉਣ ਤੋਂ ਵੱਖਰੀ ਹੈ। ਇਸ ਤੋਂ ਪਤੀ ਦਾ ਇਤਰਾਜ਼ ਸਾਫ਼ ਹੋ ਰਿਹਾ ਹੈ। ਪੱਟੀ ਵੀ ਕਿਸੇ ਨੂੰ ਦੇਖ ਕੇ ਚਮਕਾਈ ਜਾ ਸਕਦੀ ਹੈ। ਇਸ ਦਾ ਅਹਿਸਾਸ ਔਰਤ ਪਤੀ ਨੂੰ ਕਰਵਾਉਣਾ ਚਾਹੁੰਦੀ ਹੈ। ਤਰਕ ਤੋਂ ਭੱਜ ਪਤੀ ਸ਼ਿੰਗਾਰ ਨੂੰ ਛੱਡ ਕੇ 'ਅਲਕ ਵਹਿੜੇ' ਵੱਲ ਹੋ ਤੁਰਦਾ ਹੈ' ਉਸ ਦਾ 'ਖੌਰੂ' ਸ਼ਬਦ ਘਰ ਵਿਚ ਹੋਈ ਉੱਥਲ-ਪੁੱਥਲ ਨੂੰ ਸਪੱਸ਼ਟ ਕਰਦਾ ਹੈ। 'ਛੱਡਿਆ ਮੱਝੇ ਹੇਠ ਜਾ ਪੁੱਜਾ ਝੋਟੇ ਹੇਠ' ਅਖਾਣ ਕਿੰਨੀ ਢੁਕਦੀ ਹੈ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ,**
**ਨੀ ਐਨਾ ਖੌਰੂ ਨੀ ਗੋਰੀਏ ਕਿਨ ਪਾਇਆ।**
**ਏਥੇ ਅਲਕ ਜੋ ਵਹਿੜਾ ਵੇ ਉਹ ਭੁੱਖਾ ਤਿਹਾਇਆ,**
**ਵੇ ਉਸ ਰੱਸਾ ਤੁੜਾਇਆ,**
**ਵਿਹੜੇ ਖੌਰੂ ਵੇ ਜਾਲਮਾ ਓਨ ਪਾਇਆ।**

'ਖੌਰੂ' ਦਾ ਜਵਾਬ ਵੀ ਬੜਾ ਢੁਕਵਾਂ ਹੈ। ਇਹ ਖੌਰੂ ਵਹਿੜਕਾ/ਪਸ਼ੂਹੀ ਪਾ ਸਕਦਾ ਹੈ। ਔਰਤ ਪਤੀ ਦੀ ਨਾ ਸਮਝੀ ਤੇ ਸਿਰ 'ਤੇ ਹੱਥ ਮਾਰਦੀ ਲੱਗਦੀ ਹੈ। ਕਿਸਾਨੀ ਘਰਾਂ ਦਾ ਸੀਨ, ਔਰਤ ਸਹਿਜ ਹੀ ਚਿੱਤਰ ਗਈ ਹੈ। ਪਰ ਇਹ ਚਿੱਤਰਣ ਉਸ ਉੱਪਰ ਕੀਤੇ ਜਾ ਰਹੇ ਸ਼ੱਕ ਉੱਪਰ ਸਿਰਜਿਆ ਗਿਆ ਹੈ। ਲੱਗਦਾ ਹੈ ਕਿ ਤਰਕਪੂਰਣ ਜਵਾਬਾਂ ਨਾਲ ਪਤੀ ਪਤੀਜਿਆ ਨਹੀਂ ਹੈ, ਇਸ ਲਈ ਸਿੱਧਾ/ਸਾਫ਼ ਸ਼ੱਕ ਜ਼ਾਹਿਰ ਕਰਨ ਤੱਕ ਆ ਗਿਆ ਹੈ।

**ਬਾਹਰੋਂ ਆਇਆ ਨੀ ਆ ਕੇ ਪੁੱਛਣ ਲੱਗਾ**
**ਨੀ ਇੱਥੇ ਪਲੰਘ ਨੀ ਗੋਰੀਏ ਕਿਨ ਡਾਹਿਆ।**
**ਤੇਰੇ ਮਾਰਾਂ ਦਾਤੀ ਵੇ ਤੇਰੀ ਪਾੜਾਂ ਛਾਤੀ,**
**ਵੇ ਐਨੇ ਅੰਤ ਵੀ ਜ਼ਾਲਮਾ ਕਿਉਂ ਲੈਂਦਾ।**


ਇੱਥੇ ਆ ਕੇ ਤਰਕ ਤੇ ਸਬਰ ਖ਼ਤਮ ਹੋ ਜਾਂਦਾ ਹੈ ਤੇ ਕਾਵਿਕ ਅੰਦਾਜ਼ ਵਿਚ ਜਿੰਨੇ ਕਰੜੇ ਸ਼ਬਦ ਵਰਤੇ ਜਾ ਸਕਦੇ ਸਨ ਉਹ ਸਾਰੇ ਵਰਤੇ ਗਏ ਹਨ। ਗਾਲ੍ਹ ਤੋਂ ਹੇਠਾਂ ਵਰਤੇ ਜਾ ਸਕਦੇ ਸ਼ਬਦ। ਮੈਂ ਇਹ ਗੀਤ ਵਿਹੜੇ 'ਚੋਂ ਲਗਦੀ ਭਾਬੀ 'ਛਿੰਨੋ' ਤੋਂ ਸੁਣਿਆ ਸੀ। ਉਹ ਲੜਾਕੀ ਕਰਕੇ ਮਸ਼ਹੂਰ ਹੈ। ਪਿੱਛੇ ਜਿਹੇ ਉਸ ਨੂੰ ਤੇ ਉਸ ਦੇ ਘਰਵਾਲੇ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਗਲੀ ਵਿਚ ਖੜੀ ਸਲਵਾਤਾਂ ਸੁਣਾਉਂਦੀਂਹ ਸਾਰੇ ਪਿੰਡ ਵਿਚ ਸੁਣਦੀ ਸੀ। ਉਸ ਦੇ ਮੂੰਹੋਂ ਮੈਨੂੰ ਉਪਰਲੇ ਸ਼ਬਦ ਓਪਰੇ ਨਹੀਂ ਸਨ ਲੱਗੇ, ਜਦੋਂ ਮੈਂ ਗੀਤ ਰਿਕਾਰਡ ਕੀਤਾ ਸੀ। ਗੀਤ ਗਾਉਣ ਸਮੇਂ ਵੀ ਉਸ ਨੇ ਸ਼ਬਦ ਪੂਰੇ ਘੋਟ ਕੇ ਉਚਾਰੇ ਹਨ। ਇਉਂ ਲੱਗਦਾ ਹੈ ਕਿ ਇਹ ਗੀਤ ਛਿੰਨੋ ਵਰਗੀ ਕਿਸੇ ਔਰਤ ਦੀ ਹੀ ਸਿਰਜਣਾ ਹੈ। ਛਿੰਨੋ ਦਾ ਸੁਭਾਅ ਮੂਲ ਸਿਰਜਕ ਨਾਲ ਮਿਲਦਾ ਲੱਗਦਾ ਸੀ, ਇਸੇ ਲਈ ਤਾਂ ਉਸ ਨੂੰ ਇਹ ਗੀਤ ਬੜਾ ਪਸੰਦ ਸੀ। ਪੂਰੀ ਤਰ੍ਹਾਂ ਯਾਦ। ਗਾਉਂਦਿਆਂ ਨੂੰ ਕਿਤੇ ਨਹੀਂ ਸੀ ਅਟਕੀ। ਉਹਦੀ ਪਾਟਵੀਂ ਆਵਾਜ਼ ਬੜੀ ਉੱਚੀ ਸੀ। ਪਰ ਜਦੋਂ ਮੈਂ ਟੇਪ ਦੁਬਾਰਾ ਸੁਣੀ ਤਾਂ ਇਹ ਆਵਾਜ਼ ਬੜੀ ਮੱਧਮ ਸੀ। ਸੈੱਲ ਠੀਕ ਸਨ, ਹੋਰ ਕੋਈ ਨੁਕਸ ਨਹੀਂ ਸੀ। ਬਾਅਦ ਵਿਚ ਪਤਾ ਲੱਗਾ ਕਿ ਕਾਰਖ਼ਾਨੇ ਵਿਚ ਹੀ ਟੇਪ ਦਾ ਪੁੱਠਾ ਪਾਸਾ ਉੱਪਰ ਵੱਲ ਸੀ। ਸਿੱਧਾ ਕਰਨ 'ਤੇ ਵੀ ਫਿਰ ਆਵਾਜ਼ ਮੌਲਿਕ ਨਾ ਬਣ ਸਕੀ। ਖ਼ੈਰ ਇਸੇ ਗੀਤ ਦੀ ਧੁਨ ਜ਼ਰੂਰੀ ਸਾਂਭੀ ਗਈ ਭਾਵੇਂ ਮੱਧਮ ਸੁਰ ਵਿਚ ਹੀ। ਲੱਗਦਾ ਹੈ ਹੁਣ ਵਾਕ-ਯੁੱਧ ਪੂਰੇ ਜ਼ੋਰ 'ਤੇ ਆ ਪਹੁੰਚਾ ਹੈ। ਪਤੀ ਵੀ ਕਰੜੇ ਸ਼ਬਦਾਂ ਦਾ ਜਵਾਬ ਹੋ ਕਰੜੇ ਰੂਪ ਵਿਚ ਦੇ ਰਿਹਾ ਹੈ। ਔਰਤ ਹੀ ਜਾਣ ਸਕਦੀ ਹੈ ਕਿ ਮਰਦ ਜਾਤੀ ਦੇ ਮੁਕਾਬਲੇ ਕੀ ਵਰਤ ਸਕਦਾ ਹੈ।

**ਤੇਰੇ ਮਾਰਾਂ ਗੰਡਾਸਾ, ਨੀ ਤੇਰਾ ਲਾਹ ਪਾਸਾ,**
**ਨੀ ਏਨੇ ਚੇਚਨ ਨੀ ਗੋਰੀਏ ਕਿਉਂ ਕੀਤੇ।**
**ਵੇ ਤੇਰੇ ਮਾਰਾਂ ਕੁਹਾੜਾ, ਵੇ ਤੇਰਾ ਲਾਹਾਂ ਪਖੁਆੜਾ**
**ਵੇ ਏਨੇ ਅੰਤ ਕਿਉਂ ਜਾਲਮਾ ਕਿਉਂ ਲੈਂਦਾ।**

ਗੱਲ ਗੰਡਾਸੇ ਨਾਲ ਪਾਸੇ ਲਾਹੁਣ ਤੱਕ ਪਹੁੰਚ ਗਈ ਹੈ। ਪਰ ਇਕੋ ਵੇਲੇ ਹਮਲਾ ਤੇ ਬਚਾ ਨਾਲੋਂ ਨਾਲ ਹਨ। ਕੁਹਾੜਾ ਮਾਰ ਕੇ ਪਖੁਆੜਾ (ਜਬਾੜਾ) ਲਾਹ ਲੈਣ ਦੀ ਗੱਲ ਕਰਦੀ ਹੋਈ ਵੀ ਜਦੋਂ ਔਰਤ 'ਏਨੇ ਅੰਤ ਵੇ ਜ਼ਾਲਮਾ ਕਿਉਂ ਲੈਂਦਾ' ਕਹਿੰਦੀ ਹੈ ਤਾਂ ਉਹਦਾ ਬਚਾਅ ਦਾ ਪੱਖ ਹੀ ਉੱਭਰਦਾ ਹੈ। ਪਤੀ ਲਈ ਸ਼ਿੰਗਾਰ ਚੁਹਲ (ਚੇਚਲ) ਹਨ। ਜੋ ਉਸ ਨੂੰ ਨਹੀਂ ਕਰਨੇ ਚਾਹੀਦੇ। ਅੰਤਲਾ ਦਾਅ ਔਰਤ ਨੇ ਆਪਣੇ ਹੱਥ ਰੱਖਿਆ ਹੈ ਤੇ ਗੀਤ ਸਮਾਪਤ ਹੋ ਜਾਂਦਾ ਹੈ।

ਮੈਂ ਖੇਤਰੀ ਕਾਰਜ ਦੌਰਾਨ ਅਸ਼ਲੀਲ ਤੋਂ ਅਸ਼ਲੀਲ (ਜਿਨਸੀ ਭਾਵਨਾਵਾਂ ਦਾ ਪ੍ਰਗਟਾਅ ਕਰਦੇ) ਗੀਤ ਸੁਣੇ ਹਨ, ਪਰ ਏਨੇ ਸਖ਼ਤ ਸ਼ਬਦਾਂ ਵਾਲਾ ਗੀਤ ਛਿੰਨੋ ਤੋਂ ਇਲਾਵਾ ਹੋਰ ਕਿਸੇ ਤੋਂ ਨਹੀਂ ਸੁਣਿਆ। ਅਜਿਹੇ ਗੀਤ ਔਰਤ ਦੇ ਹੋਰ ਕੋਈ ਰੂਪ ਪੇਸ਼ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਸੰਭਾਲਣਾ ਜ਼ਰੂਰੀ ਹੋ ਜਾਂਦਾ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਦਾਨ

ਇਕ ਵਾਰ ਇਕ ਫ਼ਕੀਰ ਬਾਦਸ਼ਾਹ ਦੇ ਦਰਬਾਰ ਭਿੱਖਿਆ ਮੰਗਣ ਆਇਆ। ਬਾਦਸ਼ਾਹ ਕਚਹਿਰੀ ਲਾ ਕੇ ਖਪਿਆ ਬਾਹਰ ਨਿਕਲਿਆ ਸੀ। ਸਿਆਲੂ ਦਿਨ ਹੋਣ ਕਰਕੇ ਬਾਹਰ ਦਰਬਾਰੀਆਂ ਨੇ ਧੂਣੀ ਲਾਈ ਹੋਈ ਸੀ। ਬਾਦਸ਼ਾਹ ਨੇ ਧੂਣੀ ਦੇ ਇਕ ਪਾਸਿਓਂ ਦੀ ਮੁੱਠ ਭਰੀ ਤੇ ਫ਼ਕੀਰ ਨੂੰ ਪਾ ਦਿਤੀ। ਫ਼ਕੀਰ ਨੇ ਜਰਾ ਵੀ ਮੱਥੇ ਵੱਟ ਨਾ ਪਾਈ। "ਅੱਛਾ ਮਹ-ਾਰਾਜ, ਰਾਜੀ ਖੁਸ਼ੀ ਰਹੋ" ਕਹਿ ਕੇ ਫ਼ਕੀਰ ਆਪਣੀ ਕੁੱਲੀ ਨੂੰ ਵਾਪਸ ਮੁੜ ਆਇਆ।

ਘਰ ਆ ਕੇ ਫ਼ਕੀਰ ਨੇ ਸੁਆਹ ਦੀ ਉਹੀ ਮੁੱਠ ਕੁੱਲੀ ਦੇ ਬਾਹਰ ਇਕ ਪਾਸੇ ਰੱਖ ਦਿੱਤੀ ਜਿੱਥੇ ਉਹ ਰਹਿੰਦਾ ਸੀ। ਬਾਦਸ਼ਾਹ ਨੇ ਇਕ ਮੁੱਠ ਸੁਆਹ ਦੀ ਪਾਈ ਸੀ ਉਥੇ ਰੋਜ਼ ਦੀਆਂ ਚਾਰ ਚਾਰ ਮੁੱਠਾਂ ਹੋਰ ਜਮ੍ਹਾਂ ਹੋਣ ਲੱਗ ਪਈਆਂ ਦੇਖਦਿਆਂ-ਦੇਖਦਿਆਂ ਥੋੜ੍ਹੇ ਸਮੇਂ ਵਿਚ ਹੀ ਉਥੇ ਸੁਆਹ ਬੇਅੰਤ ਹੋ ਗਈ। ਬੜੇ ਗਰੇ ਲੱਗ ਗਏ ਸੁਆਹ ਦੇ।

ਸਮਾਂ ਲੱਗਾ ਤਾਂ ਬਾਦਸ਼ਾਹ ਤੇ ਵਜ਼ੀਰ ਸੈਰ ਕਰਦੇ-ਕਰਦੇ ਉਧਰ ਨੂੰ ਚਲੇ ਗਏ ਜਿੱਥੇ ਫ਼ਕੀਰ ਦੀ ਕੁੱਲੀ ਸੀ। ਬਾਦਸ਼ਾਹ ਤੇ ਵਜ਼ੀਰ ਸੁਆਹ ਦੇਖ ਕੇ ਬਹੁਤ ਹੈਰਾਨ ਹੋਏ। ਉਹ ਕਹਿੰਦੇ ਬਈ ਇੱਥੇ ਤਾਂ ਸਿਰਫ਼ ਫ਼ਕੀਰ ਦੀ ਕੁੱਲੀ ਹੁੰਦੀ ਸੀ। ਆਹ ਸੁਆਹ ਦੇ ਏਡੇ-ਏਡੇ ਗਰੇ ਕਿੱਥੋਂ ਆ ਗਏ। ਇਸ ਫ਼ਕੀਰ ਨੇ ਇੰਨਾ ਬਾਲਣ ਕਿੱਥੋਂ ਬਾਲਿਆ ਹੋਵੇਗਾ। ਆ ਜਾਓ ਪੁੱਛ ਲੇਨੇ ਆਂ।

ਵਜੀਰ ਨੇ ਕੁੱਲੀ ਦੇ ਲਾਗਿਓਂ ਆਵਾਜ਼ ਮਾਰੀ, "ਮਹਾਤਮਾ ਜੀ ਬਾਹਰ ਆਇਓ ਜਰਾ, ਕੁੱਲੀ 'ਚੋਂ ਨਿਕਲ ਕੇ।"

ਫ਼ਕੀਰ ਕੁੱਲੀ 'ਚੋਂ ਬਾਹਰ ਆਇਆ, "ਦੱਸੋ ਹਜ਼ੂਰ।" "ਮਹਾਤਮਾ ਜੀ ਤੁਸੀਂ ਅੱਗ ਤਾਂ ਬਾਲਦੇ ਨੀ। ਆਹ ਏਡੇ-ਏਡੇ ਵੱਡੇ ਸੁਆਹ ਦੇ ਢੇਰ ਕਿੱਥੋਂ ਆ ਗਏ? ਸੁਆਹ ਵੀ ਖ਼ਾਲਸ ਆ।"

ਫ਼ਕੀਰ ਬਾਦਸ਼ਾਹ ਨੂੰ ਕਹਿਣ ਲੱਗਾ, "ਕੀ ਲੈਣਾ ਤੁਸਾਂ ਪੁੱਛ ਕੇ ਛੱਡੋ ਪਰਾਂ।" "ਕੁੱਲੀ ਵੀ ਜਾਲ ਦਿਆਂਗੇ। ਅਸੀਂ ਬਾਦਸ਼ਾਹ ਹੁੰਨੇ ਆਂ। ਏਹ ਤਾਂ ਤੈਨੂੰ ਦੱਸਣਾ ਈ ਪੈਣਾ।"

"ਪੁੱਛ ਕੇ ਈ ਰਹਿਣਾ ਤੁਸੀਂ ਫੇਰ।"

"ਹਾਂ ਬਈ"

ਲਓ ਸੁਣੋ ਫੇਰ। ਕਿਸੇ ਸਮੇਂ ਬਾਦਸ਼ਾਹ ਅਸੀਂ ਤੇਰੇ ਘਰ ਅਲਖ ਜਗਾਈ ਸੀ। ਭਿਖਿਆ ਮੰਗੀ ਸੀ। ਤੁਸੀਂ ਮੈਨੂੰ ਬਾਹਰੋਂ ਧੂਣੀ ਤੋਂ ਸੁਆਹ ਦੀ ਮੁੱਠ ਪਾਤੀ ਸੀ। ਤੁਸੀਂ ਮੈਨੂੰ ਬਾਦਸ਼ਾਹ ਇਕ ਮੁੱਠ ਸੁਆਹ ਦੀ ਪਾਈ ਸੀ। ਇਥੇ ਰੋਜ਼ ਦੀਆਂ ਚਾਰ ਚਾਰ ਮੁੱਠਾਂ ਆਉਂਦੀਆਂ। ਇਹ ਤੇਰੇ ਵਾਸਤੇ ਸੁਆਹ ਦੇ ਢੇਰ ਲੱਗੇ ਆ। ਤੁਸੀਂ ਇਹ ਖਾਣੀ ਆਂ।

ਬਾਦਸ਼ਾਹ ਸੁਣਦਿਆਂ ਈ ਘੋੜੇ ਤੋਂ ਥੱਲੇ ਡਿੱਗ ਪਿਆ। ਲਗ ਪਿਆ ਮਿੰਤਾਂ ਕਰਨ। ਮਹਾਰਾਜ ਇਹ ਤਾਂ ਟਰਾਲੀਓ ਟਰਾਲੀ ਸੁਆਹ ਦੀ ਆ। ਇਹ ਕਿੱਦਾਂ ਮੈਂ ਖਾਹ ਸਕਦਾ। ਮਹਾਰਾਜ ਬਖ਼ਸ਼ ਲਓ ਮੈਨੂੰ।

"ਮੈਂ ਕਿੱਦਾਂ ਬਖ਼ਸ਼ ਲਵਾਂ। ਇਹ ਸੁਆਹ ਤੇਰੀ ਦਿਤੀਓ ਆ। ਤੇਰਾ ਈ ਦਾਨ ਕੀਤਾ ਆ। ਤੈਨੂੰ ਦਾਨ ਦਾ ਦਾਨ ਆਈ ਜਾਂਦਾ।"

ਬਾਦਸ਼ਾਹ ਹੁਣ ਫ਼ਕੀਰ ਦੇ ਖਹਿੜੇ ਈ ਪੈ ਗਿਆ। ਮਿੰਨਤਾਂ ਤਰਲੇ ਕਰਨੋ ਨਾ ਹਟੇ।

ਹਾਰ ਕੇ ਫ਼ਕੀਰ ਕਹਿੰਦਾ, "ਅੱਛਾ! ਮੈਂ ਸੁਆਹ ਘੱਟ ਕਰ ਦਿੰਨਾ। ਪਰ ਤੈਨੂੰ ਖਾਣੀ ਜਰੂਰੀ ਪੈਣੀ ਆਂ। ਤੈਂ ਦਾਨ ਕੋਈ ਨਹੀਂ ਕੀਤਾ।

ਅੱਗੇ ਵਾਸਤੇ ਇੱਦਾਂ ਦਾ ਕੰਮ ਨਾ ਕਰੀਂ। ਨਾਲ ਦਿਆਂ ਨੂੰ ਵੀ ਦੱਸ ਦਵੀਂ।"

ਫ਼ਕੀਰ ਦੀ ਕੋਈ ਐਸੀ ਰਹਿਮਤ ਹੋਈ ਸੁਆਹ ਘਟਦੀ ਘਟਦੀ ਘੱਟ ਗਈ। ਥੋੜ੍ਹੀ ਕੁ ਬਚਦੀ ਸੁਆਹ ਫੇਰ ਬਾਦਸ਼ਾਹ ਨੂੰ ਪਾਣੀ ਨਾਲ ਅੰਦਰ ਲੰਘਾਉਣੀ ਪਈ।

ਬਾਦਸ਼ਾਹ ਨੇ ਫ਼ਕੀਰ ਦੇ ਚਰਨ ਫੜ ਲਏ ਤੇ ਅੱਗੇ ਤੋਂ ਏਦਾਂ ਦੇ ਕੰਮ ਦੀ ਤੋਬਾ ਕੀਤੀ।



ਡਾ. ਜਸਵੰਤ ਰਾਏ
91-98158-25999

## ਪ੍ਰਮਾਤਮਾ ਜੋ ਕਰਦਾ ਵਧੀਆ ਕਰਦਾ

ਇਕ ਵਾਰ ਇਕ ਪਹੁੰਚਾ ਹੋਇਆ ਇਸਾਈ ਫ਼ਕੀਰ ਸੀ। ਫ਼ਕੀਰ ਕੋਲ ਚਾਰ ਚੀਜ਼ਾਂ ਸਿਗੀਆਂ, ਇਕ ਗਧਾ, ਇਕ ਕੁੱਕੜ, ਇਕ ਬਾਈਬਲ ਅਤੇ ਇਕ ਦੀਵਾ। ਗਧਾ ਉਸਨੇ ਇਕ ਥਾਂ ਤੋਂ ਦੂਜੀ ਥਾਂ ਤੱਕ ਥੋੜ੍ਹਾ ਬਹੁਤਾ ਸਮਾਨ ਲਿਜਾਉਣ ਵਾਸਤੇ ਰੱਖਿਆ ਸੀ। ਕੁੱਕੜ ਇਸ ਕਰਕੇ ਸੀ ਕਿ ਉਹ ਸਵੇਰ ਬਾਂਗ ਦੇ ਦਿੰਦਾ ਸੀ ਤਾਂ ਫ਼ਕੀਰ ਨੂੰ ਜਾਗ ਆ ਜਾਂਦੀ ਸੀ। ਦੀਵਾ ਅਤੇ ਬਾਈਬਲ ਵੀ ਇਸ ਕਰਕੇ ਸਿਗੇ ਕਿਉਂਕਿ ਉਸਨੂੰ ਰਾਤ ਨੂੰ ਸੌਣ ਤੋਂ ਪਹਿਲਾਂ ਦੀਵਾ ਜਗ੍ਹਾ ਕੇ ਬਾਈਬਲ ਦੇ ਕੁਝ ਪੰਨੇ ਪੜ੍ਹਨ ਦੀ ਆਦਤ ਸੀ।

ਈਸਾਈ ਫ਼ਕੀਰ ਇਕ ਵਾਰ ਘੁੰਮਦਾ ਘੁਮਾਂਦਾ ਇਕ ਪਿੰਡ ਪਹੁੰਚ ਗਿਆ। ਪਿੰਡ ਵਾਲਿਆਂ ਨੂੰ ਉਸ ਨੇ ਕਿਹਾ ਕਿ ਮੈਨੂੰ ਰੋਟੀ ਦਿਓ, ਬੜੀ ਭੁੱਖ ਲੱਗੀ ਆ। ਪਿੰਡ ਵਾਲਿਆਂ ਨੇ ਉਸਨੂੰ ਰੋਟੀ ਖੁਆ ਦਿੱਤੀ। ਫ਼ਕੀਰ ਨੇ ਹੋਰ ਮੰਗ ਕੀਤੀ ਕਿ ਮੈਨੂੰ ਰਹਿਣ

(ਬਾਕੀ ਸਫਾ 20 ਤੇ)

# ਹਰ ਕਿਰਦਾਰ ਨਾਲ ਵਫ਼ਾ ਕਰਨ ਵਾਲਾ ਕਲਾਕਾਰ -ਸੰਦੀਪਜੀਤ ਪਤੀਲਾ



ਪਰਸ਼ੋਤਮ ਲਾਲ ਸਰੋਏ
92175-44348

ਇਹ ਪਰਤਾਈ ਹੋਈ ਗੱਲ ਹੈ ਕਿ ਹਾਸਾ ਜ਼ਿੰਦਗੀ ਦੀ ਇੱਕ ਖ਼ੁਰਾਕ ਹੈ। ਇਹ ਖੁਰਾਕ ਸਪਲਾਈ ਕਰਨ ਦੀ ਕਲਾ ਹਰ ਇੱਕ ਵਿੱਚ ਮੌਜੂਦ ਨਹੀਂ ਹੁੰਦੀ , ਬਲਕਿ ਇਹ ਕਲਾ ਰੱਬ ਨੇ ਕਿਸੇ ਕਿਸੇ ਨੂੰ ਹੀ ਬਖ਼ਸ਼ਿਸ਼ ਕੀਤੀ ਹੈ। ਜੇਕਰ ਅਸੀਂ ਪਜਜਾਬੀ ਭਾਸ਼ਾ ਦੀ ਗੱਲ ਕਰੀਏ ਤਾਂ ਆਪਣੀ ਕਲਾ ਦੇ ਪ੍ਰਦਰਸ਼ਨ ਨਾਲ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਦਾ ਬਲ ਕੁਝ ਗਿਣੇ ਚੁਣੇ ਕਲਾਕਾਰਾਂ ਜਿਨ੍ਹਾਂ ਵਿੱਚ ਗੁਰਪ੍ਰੀਤ ਘੁੱਗੀ, ਭੱਲਾ, ਰੌਣਕੀ ਰਾਮ ਆਦਿ ਕੋਲ ਹੀ ਹੈ। ਬਾਕੀ ਇੱਕ ਗੱਲ ਇਹ ਵੀ ਹੈ ਕਿ-

ਹੱਸਦਿਆਂ ਨੂੰ ਹੋਰ ਨੇ ਰੁਆਉਣ ਵਾਲੇ ਬਹੁਤ ਏਥੇ,
ਰੋਂਦਿਆਂ ਨੂੰ ਕੋਈ ਹੀ ਹਸਾ ਸਕਦਾ,
ਜੱਖ਼ਮਾਂ 'ਤੇ ਲੂਣ ਪਾ ਕੇ ਦੁਖ ਦੇਣ ਵਾਲੇ ਬਹੁਤੇ,
ਪਰ ਮਲ੍ਹਮ ਤਾਂ ਕੋਈ ਹੀ ਲਗਾ ਸਕਦਾ।

ਜੀ ਹਾਂ ਦੋਸਤੋ, ਇਹ ਹਾਸੇ ਰੂਪੀ ਮਲ੍ਹਮ ਲਗਾਉਣ ਦਾ ਹਕੀਮ ਕੋਈ ਕੋਈ ਹੀ ਹੈ। ਇਸ ਹਾਸੇ ਦੇ ਮਲ੍ਹਮ ਦੀ ਗੱਲ ਤੁਰਦੀ ਹੈ ਤਾਂ ਹਾਸਿਆਂ ਦਾ ਮਲ੍ਹਮ ਲਗਾਉਣ ਵਾਲਾ ਜਿਹੜਾ ਚਿਹਰਾ ਸਾਡੇ ਸਾਹਮਣੇ ਰੂਬਰੂ ਹੁੰਦਾ ਹੈ ਉਹ ਕਿਸੇ ਵੀ ਜਾਣ-ਪਹਿਚਾਣ ਦਾ ਮੁਹਤਾਜ਼ ਨਹੀਂ ਹੈ। ਜੀ ਹਾਂ, ਦੋਸਤੋ ਮੇਰੀ ਮੁਰਾਦ ਪੰਜਾਬੀ ਕਮੇਡੀਅਨ ਸੰਦੀਪਜੀਤ ਪਤੀਲਾ ਹੈ। ਸੰਦੀਪਜੀਤ ਕਿਸੇ ਵੀ ਜਾਣ ਪਹਿਚਾਣ ਦਾ ਮੁਹਤਾਜ਼ ਨਹੀਂ ਹੈ ਤੇ ਜਲੰਧਰ ਸ਼ਹਿਰ ਦੇ ਪਿੰਡ ਕਲਿਆਣਪੁਰ ਦਾ ਇਹ ਜਮਪਲ ਗੱਭਰੂ ਨੋਜ਼ਵਾਨ ਬੜਾ ਹਸਮੁਖ ਸ਼ੁਭਾਅ ਦਾ ਮਾਲਕ ਹੈ।

ਉਸ ਦੇ ਪਰਿਵਾਰਕ ਜੀਵਨ ਵੱਲ ਝਾਤ ਮਾਰਿਆਂ ਜਿਹੜੀ ਖ਼ਾਸ ਗੱਲ ਨਜ਼ਰੀਂ ਆਈ ਉਹ ਇਹ ਕਿ ਅਕਸਰ ਦੇਖਿਆ ਗਿਆ ਹੈ ਕਿ ਕਈ ਫ਼ਿਲਮੀ ਐਕਟਰ ਜਿਹੜੇ ਵੀ ਐਕਟਿੰਗ ਦੇ ਮੈਦਾਨ ਵਿੱਚ ਉੱਤਰਦੇ ਹਨ ਉਨ੍ਹਾਂ ਦਾ ਇੱਕ ਫੈਮਲੀ ਬੈਕਗਰਾਉਂਡ ਹੁੰਦੀ ਹੈ। ਜਿਸ ਵਿੱਚ ਜਾਂ ਤਾਂ ਕਿਸੇ ਦਾ ਕੋਈ ਬਾਪ-ਦਾਦਾ, ਫਿਰ ਜਾਂ ਮਾਤਾ ਆਦਿ ਦਾ ਫ਼ਿਲਮ ਖੇਤਰ ਨਾਲ ਜੁੜੇ ਹੋਣ ਕਰਕੇ ਉਹ ਵੀ ਫ਼ਿਲਮ ਐਕਟਿੰਗ ਦੇ ਖੇਤਰ ਵਿੱਚ ਐਂਟਰੀ ਕਰਦੇ ਹਨ। ਪਰ ਸੰਦੀਪਜੀਤ ਅਜਿਹੇ ਐਕਟਰਾਂ ਵਿੱਚੋਂ ਨਹੀਂ ਹੈ ਤੇ ਨਾ ਹੀ ਉਸ ਦਾ ਕੋਈ ਫੈਮਲੀ ਮੈਂਬਰ ਪਹਿਲਾਂ ਕਿਸੇ ਵੀ ਫਿਲਮ ਇੰਡਸਟਰੀ ਨਾਲ ਹੀ ਜੁਣਿਆ ਹੋਇਆ ਹੈ। ਆਪਣੇ ਹੀ ਬਲਬੂਤੇ ਤੇ ਆਪਣੀ ਮਿਹਨਤ ਤੇ ਕੰਮ ਦੀ ਲਗਨ ਦੇ ਸਦਕਾ ਸੰਦੀਪ ਜੀਤ ਨੇ ਇਹ ਮੁਕਾਮ ਹਾਸਿਲ ਕੀਤਾ।

ਇਸੇ ਮਿਹਨਤ ਤੇ ਲਗਨ ਦੇ ਸਦਕਾ ਇਹ ਹਾਸਿਆਂ ਦਾ ਹਕੀਮ ਸੱਚਮੁੱਚ ਹੀ ਸਾਡੇ ਪੰਜਾਬੀਆਂ ਦੀ ਧੜਕਣ ਬਣ ਕੇ ਹਰ ਪੰਜਾਬੀ ਦੇ ਦਿਲ ਉੱਤੇ ਰਾਜ ਕਰਨ ਲੱਗਾ ਹੈ। ਉਸ ਦਾ ਅਸਲ ਨਾਂਅ ਤਾਂ ਭਾਵੇਂ ਸੰਦੀਪਜੀਤ ਹੈ ਪਰ ਉਸ ਨੇ ਆਪਣੇ ਨਾਂਅ ਨਾਲ ਪਤੀਲਾ ਲਗਾਉਣ ਤੋਂ ਹੀ ਉਸ ਦੀ ਕਾਮੇਡੀ ਦੀ ਝਲਕ ਨਜ਼ਰ ਆਉਣ ਲੱਗ ਜਾਂਦੀ ਹੈ ਤੇ ਸਜਦੀਪਜੀਤ ਕਮੇਡੀਅਨ ਦੇ ਨਾਂਅ ਨਾਲ ਵੀ ਜਾਣਿਆਂ ਜਾਂਦਾ ਹੈ। ਬਈ ਕਿਸੇ ਫ਼ਿਲਮ ਵਿੱਚ ਉਸ ਦੇ ਪਜ਼ਾਮੇਂ ਵਿੱਚੋਂ ਪੈਰਾਂ ਤੱਕ ਲਟਕਦਾ ਹੋਇਆ ਲੰਬਾ ਸਾਰਾ ਨਾਲਾ ਦਿਖਾਈ ਦਿੰਦਾ ਹੈ ਤਾਂ ਉਸ ਵੇਲੇ ਅਨਿਲ ਕਪੂਰ ਦੀ ਫ਼ਿਲਮ ''ਵੋ ਸਾਤ ਦਿਨ'' ਵਾਲਾ ਅਨਿਲ ਕਪੂਰ ਦਾ ਨਾਲਾ ਯਾਦ ਆਉਂਦਾ ਹੈ ਤੇ ਨਾਲ ਹੀ ਪਦਮਿਨੀ ਕੋਹਲਾਪੁਰੀ ਦੇ ਦਾਦਾ ਜੀ ਦਾ ਰੋਲ ਕਰਦਾ ਹੋਇਆ ਕਿਰਦਾਰ "ਨਾੜਾ! ਨਾੜਾ!" ਕਹਿੰਦੇ ਹੋਇਆ ਯਾਦ ਆਉਂਦਾ ਹੈ।

ਕਮੇਡੀ ਗੀਤ ''ਭੂਆ ਸਾਡੀ ਮਰਦੀ ਆ ਬੱਕਰੇ 'ਤੇ ਮੀਟ 'ਤੇ'' ਨੇ ਵਿਚਲੀ ਉਸ ਦੀ ਕਾਮੇਡੀ ਨੇ ਉਸ ਨੂੰ ਅਕਾਸ਼ ਦੀ ਬੁਲੰਦੀਆਂ 'ਤੇ ਪੁਹੰਚਾ ਦਿੰਦਾ। ਟੀ. ਵੀ. ਚੈਨਲਾਂ ਵਿੱਚ ਕਾਮੇਡੀ ਕਰਨ ਵਾਲਾ ਇਹ ਕਿਰਦਾਰ ਥੋੜੇ ਸਮੇਂ ਵਿੱਚ ਹੀ ਐਨੀ ਬੁਲੰਦੀ ਵੱਲ ਨੂੰ ਰੇੜ੍ਹੇ ਪੈ ਗਿਆ ਕਿ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿੱਚ ਵੀ ਆਪਣੀ ਅਦਾਕਾਰੀ ਦੇ ਜ਼ੌਹਰ ਦਿਖਾ ਕੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿੱਚ ਵੀ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਲਈ। ਇਹ ਅਦਾਕਾਰ ਦਾ ਦਾਇਰਾ ਸਿਰਫ਼ ਪੰਜਾਬੀ ਫ਼ਿਲਮਾਂ ਦੀ ਐਕਟਿੰਗ ਤੱਕ ਹੀ ਸੀਮਿਤ ਨਹੀਂ ਰਿਹਾ ਬਲਕਿ ਕਈ ਹਿੰਦੀ ਫ਼ਿਲਮਾਂ ਵਿੱਚ ਵੀ ਇਸ ਨੇ ਆਪਣੀ





ਅਦਾਕਾਰੀ ਦੇ ਝੰਡੇ ਗੱਡੇ ਹਨ।

ਹਾਸਿਆਂ ਦੇ ਹਾਕੀਮ ਸੰਦੀਪਜੀਤ ਦਾ ਜਨਮ 4 ਜੁਲਾਈ 1977 ਨੂੰ ਪਿੰਡ ਕਲਿਆਣਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ ਤੇ ਜ਼ਿਲ੍ਹਾ ਜਲੰਧਰ ਦੇ ਡੀ.ਏ. ਵੀ. ਕਾਲਜ ਵਿੱਚ ਬੀ. ਕਾਮ. ਦੀ ਸਿੱਖਿਆ ਗ੍ਰਹਿਣ ਕਰ ਲਈ। ਦੂਰਦਰਸ਼ਨ ਜਲੰਧਰ ਦੇ "ਲਿਸ਼ਕਾਰ" ਪ੍ਰੋਗਰਾਮ ਵਿੱਚ ਕਾਮੇਡੀ ਕੀਤੀ ਤੇ ਆਪਣੇ ਕਦਮ ਪੰਜਾਬੀ ਫ਼ਿਲਮਾਂ ਵੱਲ ਵੀ ਵਧਾਉਣੇ ਸ਼ੁਰੂ ਕੀਤਾ। 1999 ਵਿੱਚ ਸੰਦੀਪਜੀਤ ਦੀ ਸ਼ਾਦੀ ਸ਼ਿਵਾਨੀਜੀਤ ਜੀ ਨਾਲ ਹੋ ਗਈ। ਹਾਸਿਆਂ ਦੇ ਇਸ ਹਾਕੀਮ "ਸੰਦੀਪਜੀਤ" ਨੇ ਆਪਣੇ ਫ਼ਿਲਮੀ ਐਕਟਿਜਗ ਦੇ ਕੈਰੀਅਰ ਦੀ ਸ਼ੁਰੂਆਤ ਰਾਜ਼ੇਸ਼ ਸ਼ਰਮਾ ਦੇ ਨਿਰਦੇਸ਼ਨ ਹੇਠ ਬਣੀ ਕਾਮੇਡੀ ਪੰਜਾਬੀ ਫ਼ਿਲਮ ''ਦੇਸ਼ੀ ਅੰਕਲ ਬਲੈਤੀ ਮਾਮਾ'' ਤੋਂ ਕੀਤੀ। ਉਸ ਤੋਂ ਬਾਅਦ ਫਿਰ ਪਿੱਛਾ ਮੁੜ ਕੇ ਨਹੀਂ ਦੇਖਿਆ ਕਈ ਹੋਰ ਫ਼ਿਲਮਾਂ ਜਿਵੇਂ ਕਿ ਕੈਰੀਆਨ ਜੱਟਾ, ਯੂ ਨ ਮੀ, ਡੈਡੀ ਕੂਲ ਮੁੰਡੇ ਫੂਲ, ਜੱਟ ਏਅਰਵੇਜ਼, ਦਿਲ ਸਾਡਾ ਲੁੱਟਿਆ ਗਿਆ, ਡੌਂਟ ਵਰੀ ਯਾਰਾ, ਵਿਆਹ 70 ਕਿਲੋਮੀਟਰ, ਮਿਰਜਾ ਰਾਂਝਾ ਰੋਮੀਓ, ਭਾਜੀ ਇੰਨ ਪ੍ਰਾਬਲਮ, ਦਿਲਦਾਰੀਆਂ, ਰੱਬ ਤੋਂ ਸੁਹਣਾ ਇਸ਼ਕ, ਮੇਰੇ ਯਾਰ ਕਮੀਨੇ, ਦਿਨ ਦਿਹਾੜੇ ਲੇ ਜਾਏਂਗੇ, ਧੀ ਪੰਜਾਬ ਦੀ ਤੇ ਗੁੱਡ ਲੱਕ ਵਿੱਚ ਆਪਣੀ ਅਦਾਕਾਰੀ ਦੇ ਜ਼ੌਹਰ ਦਿਖਾ ਕੇ ਪੰਜਾਬੀਆਂ ਦੇ ਦਿਲਾਂ ਵਿੱਚ ਆਪਣੀ ਅੱਛੀ ਛਬੀ ਬਣਾ ਚੁੱਕਾ ਹੈ। ਇਸ ਦੇ ਨਾਲ ਹੀ ਇੱਕ ਟੈਲਫ਼ਿਲਮ "ਹੁਣ ਪਤੀਲਾ ਖੜਕੇਗਾ" ਵਿੱਚ ਵੀ ਆਪਣੀ ਕਾਮੇਡੀ ਅਦਾਕਾਰੀ ਦਾ ਲੋਹਾ ਮਨਵਾ ਚੁੱਕਾ ਹੈ। ਆਸ ਕਰਦੇ ਹਾਂ ਕਿ ਆਪਣੀਆਂ ਆਉਣ ਵਾਲੀਆਂ ਫ਼ਿਲਮਾਂ ਜਿਵੇਂ ਕਿ "ਪ੍ਰੇਸ਼ਾਨਪੁਰ" ਤੇ "ਉਡਦਾ ਪੰਜਾਬ" ਵਿੱਚ ਵੀ ਆਪਣੇ ਚਾਹੇਤਿਆਂ ਵੱਲੋਂ ਵਾਹ-ਵਾਹ ਖੱਟੇਗਾ। ਸੰਦੀਪਜੀਤ ਦਾ ਮੰਨਣਾ ਹੈ ਕਿ ਉਸ ਦੀ ਸੰਗੀਤਕ ਖੇਤਰ ਵਿੱਚ ਬਹੁਤ ਰੁਚੀ ਸੀ। ਆਪਣੀ ਇਸੇ ਰੁਚੀ ਸਦਕਾ ਉਸ ਨੇ "ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ ਕਦੇ ਕਦੇ ਖੇਡ ਲਿਆ ਕਰੀ" ਨੂੰ ਆਪਣੀ ਦਿਲਕਸ਼ ਆਵਾਜ਼ ਨਾਲ ਗਾਉਣ ਵਾਲੇ ਪ੍ਰਸਿੱਧ ਲੋਕ ਗਾਇਕ ਸ੍ਰੀ ਨਿਰਮਲ ਸਿੱਧੂ ਜੀ ਨੂੰ ਆਪਣਾ ਉਸਤਾਦ ਧਾਰ ਲਿਆ। ਉਸ ਦੇ ਉਸਤਾਦ "ਸ੍ਰੀ ਨਿਰਮਲ ਸਿੱਧੂ" ਜੀ ਨੇ ਸੰਦੀਪਜੀਤ ਵਿੱਚੋਂ ਇੱਕ ਹੀਰੇ ਦੀ ਤਰ੍ਹਾਂ ਤਲਾਸ ਕੀਤੀ। ਹੀਰੇ ਦੀ ਪਹਿਚਾਣ ਕੋਈ ਜ਼ੌਹਰੀ ਹੀ ਕਰ ਸੱਕਦਾ ਹੈ। ਸ੍ਰੀ ਨਿਰਮਲ ਸਿੱਧੂ ਦਾ ਤਰਾਸਿਆ ਹੋਇਆ ਇਹ ਹੀਰਾ "ਸੰਦੀਪਜੀਤ" ਸੱਚਮੁੱਚ ਅੱਜ ਇੱਕ ਚਮਕਦਾ ਹੋਇਆ ਸਿਤਾਰਾ ਬਣ ਗਿਆ ਹੈ। ਆਪਣੀ ਇਸ ਚਮਕ ਨਾਲ ਇਹ ਜਲੰਧਰ ਸ਼ਹਿਰ ਦੀ ਆਨ ਤੇ ਸ਼ਾਨ ਬਣ ਗਿਆ ਹੈ।

ਸੰਦੀਪਜੀਤ ਦੱਸਦਾ ਹੈ ਕਿ ਉਸਤਾਦ "ਸ੍ਰੀ ਨਿਰਮਲ ਸਿੱਧੂ" ਜੀ ਨੇ ਕਿਹਾ ਕਿ ਸੰਦੀਪ ਤੇਰੇ ਵਿੱਚ ਐਕਟਿੰਗ ਵਾਲੇ ਸਾਰੇ ਗੁਣ ਹਨ ਇਸ ਕਰ ਕੇ ਜੇਕਰ ਤੂੰ ਐਕਟਰ ਬਣ ਜਾਵੇ ਤਾਂ ਬੈਹਜ਼ਾ ਬੈਜ਼ਹਾ ਹੋ ਜਾਣੀ ਹੈ। ਸੱਚ ਮੁੱਚ ਹੀ ਸੰਦੀਪਜੀਤ ਨੇ ਆਪਣੇ ਉਸਤਾਦ ਦੀ ਗੱਲ ਪੱਲੇ ਬੰਨ੍ਹ ਕੇ ਆਪਣੀ ਐਕਟਿੰਗ ਨਾਲ ਬੈਹਜ਼ਾ ਬੈਹਜ਼ਾ ਕਰਾ ਦਿੱਤੀ। ਦੂਰਦਰਸ਼ਨ ਦੀ ਫੇਰੀ ਦੇ ਰਾਜ ਕੁਮਾਰ ਹਨ੍ਹੇਰਾ ਜੀ ਦੇ ਸਾਥ ਨੇ ਕਮੇਡੀ ਸਕਿੱਟਾਂ ਦੇ ਖੇਤਰ ਵਿੱਚ ਸੰਦੀਪ ਦਾ ਨਾਮ ਚਮਕਾ ਦਿੱਤਾ। ਕੁਝ ਹੀ ਮਹੀਨਿਆਂ ਵਿੱਚ ਪੰਜਾਬੀ ਫ਼ਿਲਮਾਂ ਵਿੱਚ ਆਪਣੀ ਕਿਸਮਤ ਅਜਮਾਉਣ ਦਾ ਸੁਭਾਗ ਹੀ ਹੱਥ ਲੱਗ ਗਿਆ।

ਸੰਦੀਪਜੀਤ ਨੂੰ ਕਈ ਵੱਡੇ ਵੱਡੇ ਅਦਾਕਾਰਾਂ ਜਿਵੇਂ ਕਿ ਅਮਰਿੰਦਰ ਗਿੱਲ, ਅਸ਼ਮਿਤ ਪਟੇਲ, ਅਲਫ਼ਾਜ਼, ਹਨੀ ਸਿਜਘ, ਪ੍ਰੀਤ ਹਰਪਾਲ, ਮੰਗੀ ਮਾਹਲ, ਗੀਤਾ ਜ਼ੈਲਦਾਰ, ਕਮੇਡੀ ਦੇ ਬਾਦਸ਼ਾਹ ਜਸਵਿੰਦਰ ਭੱਲਾ, ਬਿੰਨੂ ਢਿੱਲੋ ਤੇ ਬੀ. ਐਨ. ਸ਼ਰਮਾ ਆਦਿ ਨਾਲ ਕੰਮ ਕਰਨ ਦਾ ਸੁਨਹਿਰੀ ਮੌਕਾ ਵੀ ਮਿਲਿਆ। ਸੰਦੀਪਜੀਤ ਉਨ੍ਹਾਂ ਨਿਰਦੇਸ਼ਕਾਂ ਖਾਸ ਕਰ ਕੇ ਸਮੀਪ ਕੰਗ ਜੀ ਦਾ ਵੀ ਬੜਾ ਧੰਨਵਾਦੀ ਹੈ ਜਿਨ੍ਹਾਂ ਨੇ ਸੰਦੀਪਜੀਤ ਨੂੰ ਆਪਣੀ ਫ਼ਿਲਮ ਵਿੱਚ ਕੰਮ ਕਰਨ ਦਾ ਮੌਕਾ ਦਿੱਤਾ। ਇਹ ਕਿਨੀ ਵੱਡੀ ਗੱਲ ਹੈ ਕਿ ਸੰਦੀਪਜੀਤ ਨਿਰਦੇਸ਼ਕਾਂ ਦੇ ਨਾਲ ਨਾਲ ਆਪਣੇ ਸਹਿਯੋਗੀ ਕਲਾਕਾਰਾਂ, ਮਦਦਗਾਰਾਂ ਆਦਿ ਦਾ ਵੀ ਆਪਣੇ ਆਪ ਨੂੰ ਰਿਣੀ ਮੰਨਦਾ ਹੋਇਆ ਫ਼ਿਲਮੀ ਐਕਟਿੰਗ ਵਿੱਚ ਕੰਮ ਕਰਦਾ ਹੋਇਆ ਫ਼ਖਰ ਵੀ ਮਹਿਸੂਸ ਕਰ ਰਿਹਾ ਹੈ। ਸੰਦੀਪਜੀਤ ਦੀਆਂ ਆਉਣ ਵਾਲੀਆਂ ਮੁੱਖ ਫ਼ਿਲਮਾਂ ਵਿੱਚੋਂ ''ਪ੍ਰੇਸ਼ਾਨਪੁਰ'' ਤੇ ''ਉਡਦਾ ਪੰਜਾਬ'' ਹੈ। ਇਨ੍ਹਾਂ ਆਉਣ ਵਾਲੀਆਂ ਫ਼ਿਲਮਾਂ ਵਿੱਚ ਉਹ ਕਿਸ ਤਰ੍ਹਾਂ ਦੀ ਅਦਾਕਾਰੀ ਦਾ ਜ਼ੌਹਰ ਦਿਖਾਏਗਾ ਉਹ ਤਾਂ ਆਉਣ ਵਾਲਾ ਸਮਾਂ ਈ ਤਹਿ ਕਰੇਗਾ। ਮੇਰਾ ਮੰਨਣਾ ਹੈ ਕਿ ਉਹ ਪਹਿਲਾਂ ਨਾਲੋਂ ਵੀ ਕੁਝ ਵੱਖਰਾ ਕਰ ਕੇ ਦਿਖਾਏਗਾ। ਸੰਦੀਪਜੀਤ ਫ਼ਿਲਮਾਂ ਵਿੱਚ ਕਮੇਡੀਅਨ ਦੇ ਨਾਲ ਨਾਲ ''ਫਰਾਈਡੇ ਫ਼ਿਲਮ ਫ਼ੈਕਟਰੀ'' ਦਾ ਡਾਇਰੈਕਟਰ ਵੀ ਹੈ। ਸੰਦੀਪਜੀਤ ਪੰਜਾਬੀ ਫ਼ਿਲਮਾਂ ਦੀ ਕਾਮੇਡੀ ਦੌਰਾਨ ਜਿਸ ਤਰ੍ਹਾਂ ਦੀ ਕਮੇਡੀਅਨ ਸੂਰਤ ਬਣਾ ਲੈਂਦਾ ਹੈ ਉਹ ਦਰਸ਼ਕਾਂ ਨੂੰ ਮੱਲੋ-ਮੱਲੀ ਹੱਸਣ ਲਈ ਮਜ਼ਬੂਰ ਕਰ ਦਿੰਦੀ ਹੈ। ਇੰਜ ਲਗਦਾ ਹੈ ਕਿ ਇਹ ਕੰਮ ਸਿਰਫ਼ ਇਹੀ ਕਰ ਸਕਦਾ ਹੋਵੇ। ਅਰਥਾਤ ''ਜਿਸ ਕਾ ਕਾਮ ਉਸੀ ਕੋ ਸਾਜੇ'' ਵਾਲੀ ਗੱਲ ਹੋ ਨਿਬੜਦੀ ਹੈ। ਇੰਜ ਭਾਸ ਰਿਹਾ ਹੈ ਹੁੰਦਾ ਹੈ ਕਿ ਸੰਦੀਪ ਨੇ ਹਾਸਿਆਂ ਦੀ ਇੱਕ ਕਲੀਨਿਕ ਖੋਲ੍ਹ ਰੱਖੀ ਹੋਵੇ ਤੇ ਉਹ ਉਸ ਕਲੀਨਿਕ ਦਾ ਡਾਕਟਰ ਜਾਂ ਹਕੀਮ ਹੋਵੇ।

ਬਾਕੀ ਐਨਾ ਹੀ ਨਹੀਂ ਕਦੀ ਕਦੀ ਆਪਣੀ ਕਾਮੇਡੀ ਵਿੱਚ ਮੈਨੂੰ ਚ ਬੀ ਦਿਓ ! ਚਾਬੀ ਦਿਓ! ਆਖਦਾ ਦਿਖਾਈ ਦਿੰਦਾ ਹੈ ਤੇ ਹੱਥ ਲਗਾਉਣ 'ਤੇ ਹੀ ਰੋਣ ਲੱਗ ਪੈਂਦਾ ਹੈ। ਬਾਕੀ ਇਹ ਚਮਕਦਾ ਹੋਇਆ ਸਿਤਾਰਾ ਪੰਜਾਬੀ ਫ਼ਿਲਮਾਂ ਦੇ ਅਕਾਸ਼ ਜਿਸ ਤਰੀਕੇ ਨਾਲ ਚਮਕਦਾ ਹੋਇਆ ਦਿਖਾਈ ਦਿੱਤੀ ਹੈ ਉਮੀਦ ਹੈ ਕਿ ਆਉਣ ਵਾਲੇ ਭਵਿੱਖ ਵਿੱਚ ਇਹ ਸ਼ਿਤਾਰਾ ਹੋਰ ਤੇਜ਼ੀ ਨਾਲ ਚਮਕੇਗਾ ਤੇ ਆਪਣੇ ਜ਼ਿਲ੍ਹਾ ਜਲੰਧਰ (ਪੰਜਾਬ) ਦੀ ਧਰਤੀ ਦਾ ਮਾਣ ਬੁਲੰਦੀਆਂ ਤੱਕ ਲੈ ਕੇ ਜਾਏਗਾ। ਇਸ ਦੇ ਯਾਰ ਮਿੱਤਰਾਂ ਤੇ ਸ਼ੁਭ ਚਿੰਤਕਾਂ ਦੀ ਇਹੀ ਦੁਆਵਾਂ ਕਰਦੇ ਹਨ ਕਿ ਪਰਮਾਤਮਾ ਕਰੇ ਕਿ ਕਮੇਡੀ ਦਾ ਇਹ ਚਮਕਦਾ ਹੋਇਆ ਸ਼ਿਤਾਰਾ ਰਹਿੰਦੀ ਦੁਨੀਆਂ ਤੱਕ ਚਮਕਦਾ ਰਹੇ। ਸਾਨੂੰ ਮਾਣ ਆਪਣੇ ਇਸ ਜਲੰਧਰ ਦੇ ਸਪੂਤ 'ਤੇ ਜਿਹੜਾ ਪੂਰੀ ਦੁਨੀਆਂ 'ਤੇ ਸਾਡੇ ਜਲੰਧਰ ਦਾ ਨਾਮ ਰੌਸ਼ਨ ਕਰ ਰਿਹਾ ਹੈ।

# ਰੰਗਕਰਮੀਆਂ ਦੀ ਨਾਟ-ਟੋਲੀ ਵਿਚ ਰੂਪਨਗਰ ਦਾ ਅਹਿਮ, ਬੁਲੰਦ ਹਸਤਾਖਰ-- ਰਮਨ ਮਿੱਤਲ



ਪ੍ਰੀਤਮ ਲੁਧਿਆਣਵੀ
9876428641

ਰੰਗਕਰਮੀਆਂ ਅਤੇ ਨਾਟ-ਟੋਲੀਆਂ ਦੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੇ ਯਤਨਾਂ ਵਿਚ ਵੱਡੀ ਭੂਮਿਕਾ ਹੈ। ਇਸੇ ਲੜੀ ਵਿਚ ਹੈ ਰੂਪਨਗਰ ਦਾ ਸਿਰੜੀ ਕਲਾਕਾਰ, ਬੁਲੰਦ ਹਸਤਾਖਰ- ਸ੍ਰੀ ਰਮਨ ਮਿੱਤਲ। ਪੰਜਾਬੀ ਯੂਨੀਵਰਸਿਟੀ ਪਟਿਆਲ੍ਹਾ ਦੇ ਥੀਏਟਰ ਵਿਭਾਗ ਤੋਂ ਸੋਨ ਤਮਗੇ ਨਾਲ ਐਮ ਏ. ਕਰਨ ਵਾਲੇ ਰਮਨ ਮਿੱਤਲ ਨੇ ਹੁਣ ਤੱਕ ਨਸ਼ਿਆਂ ਦੇ ਦੁਰ-ਪ੍ਰਭਾਵਾਂ ਨੂੰ ਪ੍ਰਗਟਾਉਂਦੇ ਨਾਟਕਾਂ ਦੀਆਂ ਚਾਰ ਹਜ਼ਾਰ ਪੇਸ਼ਕਾਰੀਆਂ ਰਾਹੀਂ ਨਸ਼ਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਉਸ ਨੇ ਨਸ਼ਿਆਂ ਵਿਰੁੱਧ ਨਾਟਕ ਸਿਰਫ ਮੰਚਿਤ ਹੀ ਨਹੀਂ ਕੀਤੇ ਸਗੋ ਸੱਚੀਆਂ ਘਟਨਾਵਾਂ ਅਤੇ ਅੰਕੜਿਆਂ ਦੇ ਅਧਾਰ 'ਤੇ ਤਿੰਨ ਵੱਡੇ ਨਾਟਕ 'ਮੈਂ ਵੀ ਤੁਰਾਗਾਂ', 'ਜ਼ਿੰਦਗੀ-ਜ਼ਿੰਦਾਬਾਦ' ਅਤੇ 'ਵਾਰਿਸ' ਸਿਰਜੇ ਹਨ ਅਤੇ 20 ਨੁੱਕੜ ਨਾਟਕ ਲਿਖੇ ਹਨ।

ਸਰਕਾਰੀ ਕਾਲਜ ਰਪਨਗਰ ਤੋਂ ਆਪਣੇ ਨਾਟਕ ਦੇ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਰਮਨ ਨੇ 1996 ਵਿਚ ਸਭ ਤੋਂ ਮਕਬੂਲ ਹੋਏ ਤੇ ਸੱਭ ਤੋਂ ਵੱਧ ਖੇਡੇ ਗਏ ਨਾਟਕ 'ਮਿੱਟੀ ਰੁਦਨ ਕਰੇ' ਦਾ ਮੰਚਨ ਕੀਤਾ ਸੀ। ਪੰਜਾਬ ਦਾ ਪਹਿਲਾ ਸ਼ੋਅ 'ਮਿੱਟੀ ਰੁਦਨ ਕਰੇ' ਪ੍ਰੋਫੈਸਰ ਅਤੈ ਸਿੰਘ ਦੀ ਨਿਰਦੇਸ਼ਨਾਂ ਤਹਿਤ ਯੂਥ ਫੈਸਟੀਵਲ ਵਿਚ ਕੀਤਾ ਗਿਆ। ਇਸ ਵਿਚ ਰਮਨ ਦੀ ਅਹਿਮ ਭੂਮਿਕਾ ਸੀ। ਇਸ ਤੋਂ ਬਾਅਦ ਨਾਟਕਾਂ ਦਾ ਸਿਲਸਿਲਾ ਅਜਿਹਾ ਚੱਲਿਆ ਕਿ ਪੰਜਾਬ ਦੀ ਨਸ਼ਿਆਂ ਵਿਰੁੱਧ ਮੁਹਿਮਾਂ ਵਿਚ ਨਾਟਕਾਂ ਰਾਹੀਂ ਆਪਣੇ ਯੋਗਦਾਨ ਲਈ ਮਿੱਤਲ ਇਕ ਵੱਡਾ ਹਸਤਾਖ਼ਰ ਬਣ ਗਿਆ। ਇਸ ਲੜੀ ਵਿਚ ਵੱਡਾ ਹੁੰਗਾਰਾਂ ਉਦੋਂ ਮਿਲਿਆ ਜਦੋਂ ਸਿੱਖਿਆ ਵਿਭਾਗ ਦੇ ਮਹਾ-ਨਿਦੇਸ਼ਕ ਸ੍ਰੀ ਕ੍ਰਿਸ਼ਨ ਕੁਮਾਰ ਨੇ ਰਮਨ ਮਿੱਤਲ ਦੇ ਲਿਖੇ ਅਤੇ ਨਿਰਦੇਸ਼ਿਤ ਕੀਤੇ ਨਾਟਕ 'ਮੈਂ ਵੀ ਤੁਰਾਗਾਂ' ਨੂੰ ਹਰ ਜ਼ਿਲ੍ਹੇ ਵਿਚ ਪੇਸ਼ਕਾਰੀਆਂ ਕਰਨ ਲਈ ਵਿਸ਼ੇਸ਼ ਤੌਰ 'ਤੇ ਚੁਣਿਆ।



ਇਕ ਸਵਾਲ ਦੇ ਜੁਵਾਬ ਵਿਚ ਸ੍ਰੀ ਰਮਨ ਦਸਦੇ ਹਨ ਕਿ ਜ਼ਿੰਦਗੀ ਨੂੰ ਪਿਆਰ ਕਰਨਾ ਤੇ ਜਿਉਣਾ ਹੰਝੂਆਂ ਨਾਲ ਨਹੀਂ ਸਗੋਂ ਬਗਾਵਤ ਨਾਲ ਹੀ ਸੰਭਵ ਹੈ। ਰਮਨ ਅਨੁਸਾਰ ਉਸਦਾ ਨਾਟਕ ਵਿਵਸਥਾ ਵਿਚ ਰਹਿਕੇ ਸਿਸਟਮ ਵਿਰੁੱਧ ਉਂਗਲੀ ਕਰਨ ਦੀ ਜ਼ੁਅਰਤ ਕਰਦਾ ਹੈ। ਉਸ ਅਨੁਸਾਰ ਕੱਚਘੜ ਤੇ ਪੈਸੇ ਦੀ ਖਾਤਰ ਨਾਟ ਟੋਲੀਆਂ ਬਣਾਈ ਫਿਰਦੇ ਅਖੌਤੀ ਰੰਗਕਰਮੀ ਪੰਜਾਬੀ ਨਾਟ-ਪਰੰਪਰਾ ਲਈ ਤੇਜਾਬ ਦਾ ਕੰਮ ਕਰ ਰਹੇ ਹਨ।

ਰੂਪਨਗਰ ਦੇ ਮਹਾਰਾਜਾ ਰਣਜੀਤ ਸਿੰਘ ਬਾਗ ਵਿਚ ਸਮਾਜਿਕ ਸਰੋਕਾਰਾਂ ਦੇ ਨਾਟਕਾਂ ਦੀ ਲਗਾਤਾਰ ਹਫ਼ਤਾਵਾਰੀ ਲੜੀ ਦੇ ਸੂਤਰਧਾਰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਰੰਗਕਰਮੀਆਂ, ਨੈਸ਼ਨਲ ਸਕੂਲ ਆਫ਼ ਡਰਾਮਾ ਦੇ ਨਿਰਦੇਸ਼ਕਾਂ, ਸੰਗੀਤ ਨਾਟਕ ਅਕਾਦਮੀ ਪੁਰਸਕਾਰ ਜੇਤੂਆਂ ਜਿਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਗੁਰਚਰਨ ਚੰਨੀ, ਗੁਰਸ਼ਰਨ ਭਾਅ ਜੀ, ਡਾ.ਨਵਨਿੰਦਰਾ ਬਹਿਲ, ਨਾਦੀਰਾ ਜ਼ਹੀਰ ਬੱਬਰ, ਗੌਤਮ ਮਜੂਮਦਾਰ, ਬਲਰਾਜ ਪੰਡਿਤ ਆਦਿ ਦੀ ਅਗਵਾਈ ਵਿਚ ਉਸ ਨੇ ਸਿਖਲਾਈ ਲਈ ਹੈ। ਜੀਵਨ-ਸਾਥਣ ਡਾ.ਅਮਨਦੀਪ ਭੋਗਲ ਜੋ ਕਿ ਲੋਕ ਸੰਪਰਕ ਵਿਭਾਗ ਦੇ ਇੱਕ ਕਲਾਕਾਰ/ਡਰਾਮਾ ਇੰਸਪੈਕਟਰ ਸ੍ਰੀ ਰਾਜਿੰਦਰ ਭੋਗਲ ਦੀ ਸੁਪਤਰੀ ਹਨ, ਨਾਲ ਇਸ ਝੰਡੇ ਨੂੰ ਹੋਰ ਚੁੱਕੇ ਜਾਣ ਦਾ ਸਿਲਸਿਲਾ ਚੱਲਿਆ। ਦੋਵਾਂ ਨੇ ਜ਼ਿਲ੍ਹੇ ਵਿਚ ਹੀ ਨਹੀਂ ਸਗੋਂ ਪੰਜਾਬ ਦੀ ਅਗਵਾਈ ਕਰਦਿਆਂ ਕਈਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਥੀਏਟਰ-ਉਤਸਵਾਂ ਵਿਚ ਭਾਗ ਲਿਆ।

ਸ੍ਰੀ ਰਮਨ ਮਿੱਤਲ ਨੇ 1997 ਦੌਰਾਨ ਆਪਣੇ ਨਾਟ ਗਰੁੱਪ ਪ੍ਰਰਫਾਰਮਰਜ਼ ਐਸੋਸੀਏਸ਼ਨ ਪੰਜਾਬ ਦੀ ਰਚਨਾ ਕੀਤੀ ਅਤੇ 2001 ਤੋਂ ਹੁਣ ਤੱਕ ਇਸ ਐਸੋਸੀਏਸ਼ਨ ਵੱਲੋਂ ਲਗਾਤਾਰ ਕੇਵਲ ਪੰਜਾਬ ਹੀ ਨਹੀਂ ਸਗੋਂ ਦੂਜੇ ਰਾਜਾਂ ਵਿੱਚ ਵੀ ਸਮਾਜਿਕ ਬੁਰਾਈਆ ਅਤੇ ਨਸ਼ਿਆਂ ਵਿਰੁੱਧ 4 ਹਜਾਰ ਤੋਂ ਵੱਧ ਨਾਟਕਾਂ ਦਾ ਸਫਲ ਮੰਚਨ ਕੀਤਾ ਜਾ ਚੁੱਕਾ ਹੈ। ਜ਼ਿਲ੍ਹਾ ਸਦਰ ਮੁਕਾਮ ਤੇ ਮਹਾਰਾਜਾ ਰਣਜੀਤ ਸਿੰਘ ਬਾਗ ਵਿੱਚ 2011 ਤੋਂ ਇਸ ਨਾਟ-ਕਰਮੀ ਵੱਲੋਂ ਗਰਮੀਆਂ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲਗਾਤਾਰਾਂ ਨਾਟਕ ਖੇਡੇ ਜਾ ਰਹੇ ਹਨ, ਜਿਨ੍ਹਾਂ ਨੂੰ ਕਿ ਦਰਸਕਾਂ ਦਾ ਚੰਗਾ ਹੁਲਾਰਾ ਮਿਲ ਰਿਹਾ ਹੈ।

ਸ੍ਰੀ ਰਮਨ ਦਾ ਮੌਜੂਦਾ ਸਮੇਂ ਵਿਚ ਸੱਚੀਆਂ ਘਟਨਾਵਾਂ ਉੱਤੇ ਆਧਾਰਿਤ ਅਤੇ ਅਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਤੋਂ ਪ੍ਰੇਰਿਤ ਨਾਟਕ 'ਵਾਰਿਸ' ਦਾ ਮੰਚਨ ਚਰਚਾ ਵਿਚ ਹੈ। ਜ਼ਿਕਰਯੋਗ ਹੈ ਕਿ ਨਾਟਕਾਂ ਲਈ ਯੂਨੈਸਕੋ ਵੱਲੋਂ ਵੱਕਾਰੀ ਸਨਮਾਨ 'ਲਾਡਲੀ ਮੀਡੀਆ ਅਵਾਰਡ' ਰਮਨ ਮਿੱਤਲ ਨੂੰ 2007 ਵਿਚ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਵੱਲੋਂ ਵੀ ਮਿੱਤਲ ਦੰਪਤੀ ਦਾ ਸਨਮਾਨ ਕੀਤਾ ਗਿਆ ਹੈ।

# ਜ਼ਿਲ੍ਹਾ ਸਿੱਖਿਆ ਅਫਸਰ (ਸ) ਗੁਰਦਾਸਪੁਰ ਵੱਲੋਂ ਕ੍ਰਿਕਟ ਸਮਰ ਕੈਂਪ ਦਾ ਨਿਰੀਖਣ, ਪ੍ਰਸਿੱਧ ਕ੍ਰਿਕਟਰ ਆਰ ਪੀ ਸਿੰਘ ਰਣਜੀ ਟਰਾਫੀ ਦਾ ਵਿਸ਼ੇਸ਼ ਯੋਗਦਾਨ

ਬਟਾਲਾ (ਨਰਿੰਦਰ ਬਰਨਾਲ)- ਵਿਦਿਆਰਥੀਆਂ ਵਿੱਚ ਖੇਡਾਂ ਦੀ ਰੂਚੀ ਪੈਦਾ ਕਰਨ ਤੇ ਨਰੋਏ ਸਮਾਜ ਦੀ ਸਿਰਜਣਾ ਕਰਨ ਮਕਸਦ ਨਾਲ ਗੁਰਦਾਸਪੁਰ ਡ੍ਰਿਸਟ੍ਰਿਕ ਕ੍ਰਿਕਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਸਮੁੱਚੀ ਟੀਮ ਦੇ ਸਹਿਯੋਗ ਨਾਲ ਸਰਕਾਰੀ ਪਾਲਿਟੈਕਨਿਕ ਕਾਲਜ਼ ਬਟਾਲਾ ਵਿਖੇ 30 ਰੋਜ਼ਾ ਕ੍ਰਿਕਟ ਸਮਰ ਕੈਂਪ ਆਯੋਜਿਤ ਕੀਤਾ ਗਿਆ ਹੈ। ਜਿਸ ਵਿੱਚ ਬਟਾਲਾ ਹੀ ਨਹੀਂ ਆਸ ਪਾਸ ਦੇ ਇਲਾਕਿਆਂ ਵਿਚੋਂ ਵੱਖ ਵੱਖ ਉਮਰ ਵਰਗ ਦੇ ਬੱਚੇ ਪਹੁੰਚ ਰਹੇ ਹਨ। ਬੱਚਿਆਂ ਵਿੱਚ ਹਿੰਮਤ ਤੇ ਲਗਨ ਦੀ ਭਾਂਵਨਾ ਪੈਦਾ ਕਰਨ ਵਾਸਤੇ ਜਿਲ੍ਹਾਂ ਸਿੱਖਿਆ ਅਫਸਰ ਸੈਕੰਡਰੀ ਸ੍ਰੀ ਅਮਰਦੀਪ ਸਿੰਘ ਸੈਣੀ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਭਾਰਤ ਭੂਸ਼ਨ ਵੱਲੋ ਲਗਾਏ ਗਏ ਸਮਰ ਕੈਂਪ ਦਾ ਨਿਰੀਖਣ ਕੀਤਾ ਗਿਆ। ਵਿਦਿਆਰਥੀਆਂ ਵਿੱਚ ਖੇਡ ਦੀ ਭਾਵਨਾ ਪੈਦਾ



ਕਰਨ ਸਬੰਧੀ ਸ੍ਰੀ ਅਮਰਦੀਪ ਸਿੰਘ ਸੈਣੀ ਨੇ ਕਿਹਾ ਕਿ ਖੇਡਾ ਵਿੱਚ ਨਿਪੁੰਨਤਾ ਹਾਸਿਲ ਕਰਨ ਵਾਲਾ ਵਿਦਿਆਰਥੀ ਹਰ ਪੱਧਰ ਤੇ ਕਾਮਯਾਬ ਹੁੰਦਾ ਹੈ , ਨਰੋਏ ਸਮਾਜ ਵਾਸਤੇ ਖੇਡਾਂ ਦੀ ਬਹੁਤ ਮਹਾਨਤਾ ਹੈ ਵਿਦਿਆਰਥੀਆਂ ਅਨੁਸ਼ਾਸ਼ਨ ਵਿੱਚ ਰਹਿ ਕੇ ਖੇਡ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ। ਇਸ ਮੌਕੇ ਆਰ ਪੀ ਸਿੰਘ ਰਣਜੀਟਰਾਫੀ ਤੇ ਹਾਜ਼ਰ ਐਸੋਸੀਏਸ਼ਨ ਦੇ ਹਾਜ਼ਰ ਮੈਬਰਾਂ ਵਿੱਚ ਬਲਰਾਜ਼ ਮਹਾਜਨ ਜਨਰਲ ਸਕੱਤਰ,ਅਸ਼ਵਨੀ ਬਾਂਟਾ ਜਾਂਇੰਟ ਸੈਕਟਰੀ, ਜੈ ਸਿਵ ਫਾਇਨਾਂਸ ਸਕੱਤਰ, ਬਲਦੇਵ ਸਿੰਘ ਬੁਟਰ , ਬਲਵਿੰਦਰ ਕੁਮਾਰ, ਮੰਨੂ ਜੁਨੇਜਾ, ਅਸੋਕ ਕੁਮਾਰ, ਹਰੀ ਕ੍ਰਿਸ਼ਨ, ਅਮਿਤ, ਖੁਸ਼ਹਾਲ ਪਠਾਣੀਆਂ, ਕੋਚ ਵਿਨੋਦ ਸ਼ਰਮਾ, ਜਤਿੰਦਰ ਮਾਰਸ਼ਲ, ਵਿਜੈ ਕੁਮਾਰ, ਗੁਰਪ੍ਰੀਤ ਗੋਪੀ, ਗੌਰਵ ਸੱਭਰਵਾਲ, ਆਦਿ ਹਾਜ਼ਰ ਸਨ।

# ਨੌਕਰੀ

ਚਰਨ ਆਨੰਦ
(916) 587-4002



ਨਿਕਲੇ ਜਦ ਜਨਾਜ਼ਾ ਮੇਰਾ, ਤੂੰ ਆਪਣਾ ਵਸਲ ਛੁਪਾ ਜਾਵੀਂ,
ਕਬਰ ਮੇਰੀ ਤੇ ਜੇ ਆਉਣਾ ਪੈ ਜਾਏ, ਇਕ ਲੰਬਾ ਬੁਰਕਾ ਪਾ ਜਾਵੀਂ।
ਮਜ਼ਾਰ ਮੇਰੀ ਤੇ ਜੇ ਬੈਹਣਾ ਪੈ ਜਾਏ, ਇਕ ਲੰਬਾ ਵਕਤ ਬਚਾਅ ਜਾਵੀਂ,
ਲੋਕਾਂ ਦੇ ਵਿਚ ਜੇ ਰੋਣਾ ਪੈ ਜਾਏ, ਤਾਂ ਫਿਰ ਹੰਝੂ ਸੁਰਮਾ ਪਾ ਜਾਵੀਂ।
ਕਰੀ ਨਾ ਰੁਸਵਾ ਵਿਚ ਲੋਕਾਂ ਬਹਿਕੇ ਖੱਟੀ ਨਾ ਇਸ ਬਦਨਾਮੀ ਨੂੰ,
ਰਾਜ਼ ਬੜੇ ਹੀ ਨਾਜ਼ੁਕ ਹੁੰਦੇ, ਕਰ ਜਾਂਦੇ ਬਰਬਾਦ ਜਵਾਨੀ ਨੂੰ।
ਤੇਰਾ ਮੇਰਾ ਕੀ ਸੀ ਰਿਸ਼ਤਾ, ਭੁੱਲ ਜਾਵੀਂ ਇਸ ਕਹਾਣੀ ਨੂੰ,
ਰੱਬ ਰਾਖੇ ਕਰ ਚੱਲਿਆ ਤੈਨੂੰ, ਤੇਰੀ ਇਸ ਜ਼ਿੰਦਗਾਨੀ ਨੂੰ।
ਸੋਚਿਆ ਸੀ ਅਸੀਂ ਮਿਲਕੇ ਦੋਵੇਂ, ਸੁਪਨੇ ਖੂਬ ਸਜਾਵਾਂਗੇ।
ਇਸ ਦੁਨੀਆਂ ਤੋਂ ਦੁਰਾਡੇ ਹੋ ਕੇ, ਇਕ ਨਵੀਂ ਦੁਨੀਆ ਵਸਾਵਾਂਗੇ।
ਜਿੱਥੇ ਹੋਣਗੇ ਸਾਰੇ ਪ੍ਰੇਮੀ, ਕੋਈ ਐਸਾ ਬੀਜ ਉਗਾਵਾਂਗੇ।
ਰਾਗ ਪ੍ਰੇਮ ਦਾ ਸਾਰੇ ਗਾਵਣ, ਕੋਈ ਐਸੀ ਧੁੰਨ ਵਜਾਵਾਂਗੇ।
ਹੋ ਸਕਿਆ ਨਾ ਸੁਪਨਾ ਪੂਰਾ, ਕਰ ਬੈਠੀ ਤੂੰ ਪਿਆਰ ਅਧੂਰਾ।
ਕਮਰਿਆਂ ਵਾਂਗ ਮੈਂ ਕੁਰਲਾਇਆ, ਤੈਨੂੰ ਫਿਰ ਵੀ ਸਮਝ ਨਾ ਆਇਆ।
ਤਰਲੇ ਪਾਏ ਕਰਾਂ ਮੈਂ ਬਿਨਤੀ, ਤੇਰੇ ਕੰਨ ਤੋਂ ਜੂੰ ਨਾ ਸਰਕੀ,
ਤੇਰੀ ਜ਼ਿੱਦ ਸੀ ਇਕੋ ਸਾਰੀ, ਕਰਾਂ ਮੈਂ ਕੋਈ ਨੌਕਰੀ ਸਰਕਾਰੀ।
ਕਰ ਕਬੂਲ ਤੂੰ ਹੁਣ ਮੈਂ ਜੈਸਾ, ਪਿਆਰ ਨਾ ਮਿਲੇ ਜੇ ਮਿਲਦਾ ਪੈਸਾ,
ਪਿਆਰ ਦੀ ਪੂੰਜੀ ਕਦੇ ਨਾ ਘਟਦੀ, ਘਟ ਜਾਂਦੀ ਏ ਦੌਲਤ ਵਧਦੀ।
ਪਿਆਰ ਨੇ ਕਿੰਨੇ ਘਰ ਸਵਾਰੇ, ਦੌਲਤ ਨੇ ਉਹੀਓ ਘਰ ਉਜਾੜੇ।
ਪਿਆਰ ਦੇ ਰਸਤੇ ਸਵਰਗ ਨੂੰ ਜਾਵਣ, ਦੌਲਤ ਵਾਲੇ ਖ਼ਾਕ ਉਡਾਵਣ।
ਲੈ ਝੱਲੀਏ ਅਸਾਂ ਕੌਲ ਨਿਭਾਇਆ, ਤੇਰੇ ਸਿਰ ਤੋਂ ਕਰਜਾ ਲਾਹਿਆ,
ਕਰ ਲਈ ਤੂੰ ਹੁਣ ਪੂਰੀ ਇੱਛਾ, ਕੌਣ ਕਰੂ ਹੁਣ ਤੇਰਾ ਪਿੱਛਾ।
ਦੋਸ਼ ਨਾ ਦੇਵਾਂ ਤੈਨੂੰ ਕੁੜੀਏ, ਲਿਖਿਆ ਕਿਸਮਤ ਉਸਨੂੰ ਜਰੀਏ।
ਤੂੰ ਵੀ ਆਪਣਾ ਵਚਨ ਨਿਭਾਵੀਂ, ਲੱਭ ਕੇ ਨੌਕਰ ਵਿਆਹ ਕਰਵਾਵੀਂ।
'ਚਰਨ' ਕਹੇ ਇਹ ਆਖਰ ਵਾਰੀ, ਫਿਰ ਨਾ ਮਿਲੇ ਇਹ ਦੁਨੀਆਂਦਾਰੀ।

# ਭੱਲਾ ਹੋਵੇ

ਪ੍ਰਮਿੰਦਰ ਸਿੰਘ 'ਪ੍ਰਵਾਨਾ'
(510) 781-0487
ਕੈਲੀਫੋਰਨੀਆ



ਮਨ ਉਦਾਸ ਜਿਹਾ
ਕਿਉਂ ਹੈ?
ਦਿਨ ਲੰਘ ਗਿਆ
ਉਸਨੇ ਕਿਹਾ
ਕੀ ਹੈ।
ਕੀਤਾ ਕਰਾਇਆ
ਵੀਟ ਗਿਆ
ਪੱਲੇ ਕੀ ਹੈ?
ਉਹੀ ਹਾਲ
ਉਹੀ ਖਿਆਲ
ਬਦਲਿਆ ਕੀ ਹੈ?
ਤੁਰੇ ਸਾਂ ਕਦੇ
ਹੋਸ਼ ਸੀ
ਜੋਸ਼ ਸੀ
ਹੁਣ ਕੀ ਹੈ?
ਬੀਤੀਆਂ ਯਾਦਾਂ
ਤੇ ਨਾਕਾਮੀਆਂ
ਵਿਤਕਰੇ ਤੇ ਝਗੜੇ
ਹੋਰ ਰਿਹਾ ਕੀ ਹੈ?
ਇਹੀ ਹੈ ਨਾ ਜ਼ਿੰਦਗੀ
ਵੱਖਰਾ ਕੀ ਹੈ
ਸੰਭਲਦਿਆਂ ਸੰਭਲਦਿਆਂ
ਸਮਝ ਜਾਈਏ
ਇਸੇ ਵਿਚ
ਭੱਲਾ ਹੋਵੇ।

# ਜਦ ਬੰਦੇ ਵਿਚ ਮੈਂ ਆ ਜਾਵੇ

ਜੁਗਿੰਦਰ ਧਾਮੀ
ਪਿੱਪਲਾਂਵਾਲੀਆਂ
(530) 844-0987

ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ
ਇਹ ਤਾਂ ਦਲਦਲ ਡੂੰਘੀ ਬਾਹਲੀ ਏ
ਬੰਦਾ ਧਸਦਾ ਧਸਦਾ ਧਸ ਜਾਂਦਾ।

ਕੋਈ ਕਹਿੰਦਾ ਮੇਰੀ ਤਾਂ ਬੱਲੇ-ਬੱਲੇ
ਲੋਕੀ ਝੁਕ ਸਲਾਮਾਂ ਕਰਦੇ ਨੇ
ਕੋਈ ਕਹਿੰਦਾ ਮੇਰਾ ਕੋਈ ਸਾਹਨੀ ਨਹੀਂ
ਲੋਕੀ ਮੇਰਾ ਪਾਣੀ ਭਰਦੇ ਨੇ
ਇਹ ਹੰਕਾਰ ਦਾ ਕੀੜਾ ਬੜਾ ਜਾਲਮ
ਭੈੜਾ ਡੱਸਦਾ, ਡੱਸਦਾ ਡੱਸ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ।

ਕੋਈ ਸੋਹਣੇਪਣ ਤੇ ਮਾਣ ਕਰੇ
ਤੇ ਕੋਈ ਪੈਸੇ ਦਾ ਗੁਮਾਨ ਕਰੇ
ਕੋਈ ਆਕੜਾਂ ਦੇ ਵਿਚ ਭੁੱਜ ਗਿਆ ਏ
ਤੇ ਕੋਈ ਐਵੇਂ ਫੋਕੀ ਜਿਹੀ ਸ਼ਾਨ ਕਰੇ
ਜਦ ਕਲਯੁੱਗ ਸੁੱਟਦਾ ਜਾਲ ਜਿਹਾ
ਬੰਦਾ ਵਾਂਗ ਪੰਛੀਆਂ ਫਸ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ।

ਕੋਈ ਕਹਿੰਦਾ ਬਹੁਤ ਮੈਂ ਪੜ੍ਹ ਗਿਆ ਜੀ
ਪੌੜੀਆਂ ਬਹੁਤ ਉਚਾਈ ਦੀਆਂ ਚੜ੍ਹ ਗਿਆ ਜੀ
ਜਿਹੜਾ ਡੁੱਬਦਾ ਡੁੱਬੇ, ਮੈਂ ਕੀ ਲੈਣਾ
ਮੈਂ ਤਾਂ ਆਪਣੇ ਜੋਰ ਤੇ ਤਰ ਗਿਆ ਜੀ
ਇਹਨੂੰ ਸਮਝ ਨਹੀਂ ਸਭ ਕੁਝ ਕਰੇ ਦਾਤਾ
ਬੱਸ ਪਰਦਾ ਜਿਹਾ ਰੱਬ ਰੱਖ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ।

ਕਹਿੰਦੇ ਨੀਵਿਆਂ ਰੁੱਖਾਂ ਨੂੰ ਫ਼ਲ ਲੱਗਦੇ
ਉਚਾ ਸਿੰਬਲ ਬਿਨਾਂ ਫਲ ਰਹਿ ਜਾਂਦਾ
ਬੰਦਾ ਜਿੰਨਾ ਵੀ ਧਰਤੀ ਤੋਂ ਫਿਰੇ ਉਡਦਾ
ਜੇ ਦਾਤਾ ਪਰ ਕੱਟੇ ਤਾਂ ਭੁੰਜੇ ਬਹਿ ਜਾਂਦਾ
ਇੱਜਤ ਮਾਣ ਦਾ ਮਹਿਲ ਜਿੱਡਾ ਮਰਜੀ ਉਚਾ
ਜੇ ਰੱਬ ਚਾਹਵੇ ਤਾਂ ਪਲ ਵਿਚ ਢੱਠ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ।

ਸ਼ਾਇਦ 'ਧਾਮੀ' ਨੂੰ ਵੀ ਇਹ ਭਰਮ ਹੋਇਆ
ਮੈਂ ਲਿਖ ਲੈਨਾ ਤੇ ਮੈਂ ਗਾਅ ਲੈਨਾ
ਮੇਰੇ ਕੋਲ ਤਾਂ ਹੁਨਰ ਬੜਾ ਵੱਡਾ
ਬਹਿਜਾ ਬਹਿਜਾ ਮੈਂ ਆਪਣੀ ਕਰਵਾ ਲੈਨਾ
ਇਹਨੂੰ ਪਤਾ ਨਹੀਂ ਡਾਹਢਾ ਜਦੋਂ ਫੇਰੇ ਅੱਖੀਆਂ
ਚੁੱਕ ਅਰਸ਼ਾਂ ਤੋਂ ਫਰਸ਼ਾਂ ਤੇ ਰੱਖ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ
ਬੰਦਾ ਵਿਚ ਹੰਕਾਰ ਦੇ ਫਸ ਜਾਂਦਾ
ਇਹ ਦਲਦਲ ਡੂੰਘੀ ਬਾਹਲੀ ਏ
ਬੰਦਾ ਧੱਸਦਾ ਧੱਸਦਾ ਧੱਸ ਜਾਂਦਾ
ਜਦ ਬੰਦੇ ਵਿਚ ਮੈਂ ਆ ਜਾਵੇ।

# ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਆਰੰਭ

(ਪਹਿਲੇ ਸਫੇ ਦੀ ਬਾਕੀ)

ਰਹੇ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੇ ਅਧਿਕਾਰੀ ਅੱਜ ਦਿੱਲੀ ਦੀ ਤਿਹਾੜ ਜੇਲ੍ਹ ਲਈ ਰਵਾਨਾ ਹੋਏ ਹਨ, ਜਿਥੇ ਉਹ ਦਵਿੰਦਰਪਾਲ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਦੀ ਲੋੜੀਂਦੀ ਦਸਤਾਵੇਜ਼ੀ ਕਾਰਵਾਈ ਪੂਰੀ ਕਰਨਗੇ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਇਸ ਹਫ਼ਤੇ ਵਿੱਚ ਉਸ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕੀਤੇ ਜਾਣ ਲਈ ਵੀ ਯਤਨ ਸ਼ੁਰੂ ਹੋ ਗਏ ਹਨ। ਦੱਸਣਯੋਗ ਹੈ ਕਿ ਦ-ਵਿੰਦਰਪਾਲ ਸਿੰਘ ਭੁੱਲਰ ਨੂੰ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਬਾਰੇ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਵਿੱਚ ਸਹਿਮਤੀ ਹੋ ਚੁੱਕੀ ਹੈ ਅਤੇ ਹੁਣ ਇਸ ਸਬੰਧੀ ਲੋੜੀਂਦੀ ਕਾਰਵਾਈ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸੂਤਰਾਂ ਮੁਤਾਬਕ 15 ਤੋਂ ਵਧੇਰੇ ਸਿੱਖ ਕੈਦੀ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿੱਚ ਹਨ, ਜਿਨ੍ਹਾਂ ਵਿੱਚ ਸਜ਼ਾਵਾਂ ਭੁਗਤ ਚੁੱਕੇ ਅਤੇ ਵਿਚਾਰ ਅਧੀਨ ਕੈਦੀ ਵੀ ਹਨ।

# ਸਿੱਖ ਪ੍ਰਭੂਸੱਤਾ ਦੇ ਸ਼ਹੀਦੀ ਨਗਰ ਕੀਰਤਨ ਵਿਚ ਹਜ਼ਾਰਾਂ ਸੰਗਤਾਂ ਨੇ ਖਾਲਿਸਤਾਨ ਲਈ ਦ੍ਰਿੜਤਾ ਪ੍ਰਗਟਾਈ

*(ਸਫਾ 3 ਦੀ ਬਾਕੀ)*

*ਕੌਰ ਖਾਲੜਾ, ਇੰਗਲੈਂਡ ਤੋਂ ਆਏ ਡਾ: ਕਰਾਮਾਤ ਚੀਮਾਂ, ਕੈਨੇਡਾ ਤੋਂ ਆਏ ਪ੍ਰਭਸ਼ਰਨਬੀਰ ਸਿੰਘ, ਡਾ: ਅਮਰਜੀਤ ਸਿੰਘ-ਖਾਲਿ-ਸਤਾਨ ਅਫੇਅਰਜ਼ ਸੈਂਟਰ,ਕੈਨੇਡਾ ਤੋਂ ਹੀ ਮਨਿੰਦਰ ਸਿੰਘ ਨੇ ਵੱਖ ਵਿਸ਼ਿਆਂ ਉਤੇ ਆਪਣੇ ਸ਼ਾਨਦਾਰ ਵਿਚਾਰ ਹਜ਼ਾਰਾਂ ਦੀ ਗਿਣਤੀ ਵਿਚ ਬੈਠੀਆ ਸੰਗਤਾਂ ਨਾਲ ਸਾਂਝੇ ਕੀਤੇ, ਜਿਨਾਂ ਨੂੰ ਸੰਗਤਾਂ ਨੇ ਜੈਕਾਰਿਆ ਤੇ ਖਾਲਿਸਤਾਨ ਦੇ ਨਾਹਰਿਆਂ ਦੌਰਾਨ ਸੁਣਿਆ।ਵੀਚਾਰਾਂ ਵਿਚ ਗੁਲਾਮੀ ਦੀ ਹਾਲਤ ਵਿਚ ਸਿੱਖਾਂ ਨਾਲ ਵਾਪਰੇ 1984 ਦੇ ਨਸਲਘਾਤ ਤੋਂ ਪੈਦਾ ਹੋਈ ਅਜ਼ਾਦੀ ਦੀ ਮੰਗ ਸ਼ਾਮਲ ਸੀ। ਬੁਲਾਰਿਆਂ ਅਨੁਸਾਰ ਭਾਰਤੀ ਸਰਕਾਰ ਦੀ ਸਿੱਖਾਂ ਪ੍ਰਤੀ ਘੋਰ ਨਫਰਤ ਤੇ ਜ਼ੁਲਮ ਦੀ ਦਾਸਤਾਨ ਏਨੀ ਵਡੀ ਤੇ ਗੰਭੀਰ ਹੈ ਕਿ ਕਈ ਵਾਰ ਇਹ ਯਹੂਦੀਆ ਨਾਲ ਵਾਪਰੇ ਨਸਲਘਾਤ ਤੋਂ ਵੀ ਅੱਗੇ ਨਿਕਲ ਜਾਂਦੀ ਹੈ। ਹਰ ਬੁਲਾਰੇ ਨੇ ਇਹ ਗੱਲ ਦੁਹਰਾਈ ਕਿ ਖਾਲਿਸਤਾਨ ਸਿੱਖ ਕੌਮ ਲਈ ਬੇਹੱਦ ਜ਼ਰੂਰੀ ਹੈ। ਇੰਗਲੈਂਡ ਤੋਂ ਆਏ ਜਾਗੋ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਕਲਾ ਵਿਚ ਕਮਾਲ ਕਰਕੇ ਵਿਖਾਈ। ਸ਼ੁਰੂਆਤ ਵਿਚ ਸਿਆਟਲ ਤੋਂ ਆਏ ਛੋਟੇ ਭੁਜੰਗੀਆਂ ਦੇ ਕਵੀਸ਼ਰੀ ਜਥੈ ਨੇ ਵੀ ਆਪਣੀ ਕਲਾ ਦੇ ਜ਼ੌਹਰ ਵਿਖਾਏ। ਮਨੁਖੀ ਅਧਕਾਰਾਂ ਦੇ ਮਸੀਹੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜਿਊਂਦੀ ਜਾਗਦੀ ਵੀਡੀਓ ਵਿਚ ਉਨਾਂ ਦੇ ਸ਼ਹਾਦਤ ਬਾਰੇ ਅਨਮੋਲ ਬਚਨ ਸੁਣਾਏ ਗਏ।ਡਾ: ਗੁਰਤੇਜ ਸਿੰਘ, ਰਾਜ ਸਿੰਘ ਤੇ ਦਵਿੰਦਰ ਸਿੰਘ ਨੇ ਸਕੱਤਰਾਂ ਦੀ ਸੇਵਾ ਦੌਰਾਨ ਸਾਰੇ ਸਮਾਗਮ ਦੀ ਰੂਪ ਰੇਖਾ ਵਧੀਆ ਬਣਾਕੇ ਰਖੀ।*

*ਇਸ ਸਮਾਗਮ ਵਿਚ ਖਾਲਿਸਤਾਨ ਦੇ ਸ਼ਹੀਦ ਪਰਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਦੀ ਸੇਵਾ ਸੀਨੀਅਰ ਸਿੱਖ ਆਗੂਆਂ ਨੇ ਕੀਤੀ। ਇਸ ਸਮਾਗਮ ਵਿਚ ਭਾਈ ਜਗਤਾਰ ਸਿੰਘ ਹਵਾਰਾ ਦੇ ਸਤਿਕਾਰਯੋਗ ਮਾਤਾ ਜੀ ਨਰਿੰਦਰ ਕੌਰ ਹੁਰਾਂ ਨੂੰ ਗੋਲਡ ਮੈਡਲ ਨਾਲ ਭਾਈ ਰਾਮ ਸਿੰਘ ਸਾਬਕਾ ਸੁਪਰੀਮ ਕੌਂਸਲ ਮੈਬਰ ਦੁਆਰਾ ਸਨਮਾਨਿਤ ਕੀਤਾ ਗਿਆ। ਉਨਾ ਨੂੰ ਸਨਮਾਨਿਤ ਕਰਨ ਦਾ ਸਮਾਂ ਬੜਾ ਭਾਵਕ ਹੋ ਗਿਆ ਸੀ।।ਸਭ ਸੰਗਤਾਂ ਉਨਾਂ ਦੇ ਸਤਿਕਾਰ ਵਿਚ ਖਲੋ ਗਈਆਂ।ਸ਼ਾਮ ਛੇ ਵਜੇ ਸਾਰੇ ਸਮਾਗਮ ਦੀ ਸਮਾਪਤੀ ਅਰਦਾਸ ਤੇ ਹੁਕਮਨਾਮੇ ਨਾਲ ਹੋਈ। ਅਖੀਰ ਵਿਚ ਜੈਕਾਰੇ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਜੈਕਾਰੇ ਬੁਲਾਏ ਗਏ।*

# ਪ੍ਰਮਾਤਮਾ ਜੋ ਕਰਦਾ ਵਧੀਆ ਕਰਦਾ

(ਸਫਾ 17 ਦੀ ਬਾਕੀ)

ਲਈ ਥੋੜ੍ਹੀ ਜਗ੍ਹਾ ਵੀ ਦੇ ਦਿਓ। ਰਾਤ ਦਾ ਵਕਤ ਆ। ਮੈਂ ਰਾਤ ਕੱਟਣੀ ਆ। ਪਰ ਪਿੰਡ ਵਾਲਿਆਂ ਨੇ ਉਸਨੂੰ ਰਹਿਣ ਲਈ ਕੋਈ ਜਗ੍ਹਾ ਨਾ ਦਿੱਤੀ। ਫ਼ਕੀਰ ਦਾ ਰੱਬ ਤੇ ਬੜਾ ਵਿਸ਼ਵਾਸ ਸੀ। ਉਹ ਸੋਚਦਾ ਸੀ ਕਿ ਰੱਬ ਜੋ ਕਰਦਾ ਹੈ ਅੱਛਾ ਹੀ ਕਰਦਾ ਹੈ। ਫ਼ਕੀਰ ਨੇ ਪਿੰਡ ਤੋਂ ਬਾਹਰ ਜੰਗਲ 'ਚ ਜਾ ਕੇ ਡੇਰਾ ਲਾ ਲਿਆ। ਬਾਈਬਲ ਪੜ੍ਹਨ ਲਈ ਫ਼ਕੀਰ ਨੇ ਦੀਵਾ ਬਾਲ ਲਿਆ। ਹਾਲੇ ਫ਼ਕੀਰ ਨੇ ਬਾਈਬਲ ਦੇ ਦੋ ਚਾਰ ਵਾਕ ਹੀ ਪੜ੍ਹੇ ਸਨ ਕਿ ਹਵਾ ਦਾ ਬੁੱਲਾ ਆਇਆ, ਦੀਵਾ ਬੁਝ ਗਿਆ। ਫ਼ਕੀਰ ਨੇ ਬਾਈਬਲ ਬੰਦ ਕੀਤੀ ਕਹਿੰਦਾ-ਅੱਛਾ ਪ੍ਰਮਾਤਮਾ ਜੋ ਤੂੰ ਕਰਦਾ ਚੰਗਾ ਈ ਕਰਦਾ। ਫ਼ਕੀਰ ਹਾਲੇ ਸੁੱਤ ਉਨੀਂਦਾ ਹੀ ਸਿਗਾ ਕਿ ਇਕ ਕੁੱਤਾ ਆਇਆ, ਕੁੱਤੇ ਨੇ ਆ ਕੇ ਕੁੱਕੜ ਮਾਰ ਦਿੱਤਾ। ਫ਼ਕੀਰ ਨੂੰ ਪਹਿਲਾਂ ਤਾਂ ਬੜਾ ਦੁੱਖ ਹੋਇਆ ਕਿ ਹੁਣ ਮੈਂ ਸਵੇਰ ਨੂੰ ਤੜਕੇ ਕਿੱਦਾਂ ਉੱਠੂੰਗਾ ਪਰ ਫੇਰ ਉਹ ਕਹਿਣ ਲੱਗਾ ਪ੍ਰਮਾਤਮਾ ਜੋ ਤੂੰ ਕਰਦਾ ਵਧੀਆ ਈ ਕਰਦਾ।

ਫ਼ਕੀਰ ਦੀ ਅੱਖ ਲੱਗ ਗਈ। ਹਾਲੇ ਤੜਕਾ ਨਹੀਂ ਸੀ ਹੋਇਆ ਕਿ ਇਕ ਬਾਘ ਪਿਆ ਉਸਨੇ ਫ਼ਕੀਰ ਦਾ ਗਧਾ ਮਾਰ ਦਿੱਤਾ। ਫ਼ਕੀਰ ਨੇ ਫੇਰ ਕਿਹਾ ਪ੍ਰਮਾਤਮਾ ਤੂੰ ਜੋ ਕਰਦਾ ਵਧੀਆ ਈ ਕਰਦਾ।

ਦਿਨ ਚੜ੍ਹਿਆ, ਫ਼ਕੀਰ ਸੁੱਤਾ ਉੱਠ ਕੇ ਪਿੰਡ ਵੱਲ ਤੁਰ ਪਿਆ। ਸੋਚਦਾ ਕਿ ਪਿੰਡ ਵਿਚੋਂ ਚਾਹ ਪਾਣੀ ਮੰਗ ਕੇ ਪੀਂਦੇ ਆਂ। ਜਦੋਂ ਫ਼ਕੀਰ ਨੇ ਪਿੰਡ ਵਿਚ ਆ ਕੇ ਦੇਖਿਆ ਤਾਂ ਉਥੇ ਲਾਸ਼ਾਂ ਦੇ ਢੇਰ ਲੱਗੇ ਪਏ।

ਦੇਖ ਕੇ ਫ਼ਕੀਰ ਬੜਾ ਹੈਰਾਨ ਹੋਇਆ। ਜਿਹੜੇ ਬੰਦੇ ਕੁਝ ਸਹਿਕਦੇ ਸੀ, ਫ਼ਕੀਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਹ ਕੀ ਭਾਣਾ ਵਰਤ ਗਿਆ ਰਾਤ। ਲੋਕਾਂ ਨੇ ਦੱਸਿਆ ਕਿ ਰਾਤ ਡਾਕੂਆਂ ਨੇ ਪਿੰਡ 'ਤੇ ਹਮਲਾ ਕਰ ਦਿੱਤਾ। ਡਾਕੂ ਸਾਰਾ ਕੁਝ ਲੁੱਟ ਕੇ ਲੈ ਗਏ ਅਤੇ ਜਾਂਦੇ ਹੋਏ ਲੋਕਾਂ ਨੂੰ ਵੀ ਮਾਰ ਗਏ। ਫ਼ਕੀਰ ਨੇ ਫਿਰ ਕਿਹਾ ਪ੍ਰਮਾਤਮਾ ਜੋ ਤੂੰ ਕਰਦਾ ਵਧੀਆ ਈ ਕਰਦਾ। ਹੁਣ ਤੁਸੀਂ ਲਾ ਲਓ ਜੇ ਫ਼ਕੀਰ ਪਿੰਡ ਵਿਚ ਰਹਿੰਦਾ ਤਾਂ ਉਹਨੇ ਤਾਂ ਵੀ ਮਾਰਿਆ ਜਾਣਾ ਸੀ। ਜੇ ਦੀਵਾ ਜਗਦਾ ਰਹਿੰਦਾ ਤਾਂ ਡਾਕੂਆਂ ਨੇ ਲੋਅ ਦੇਖ ਕੇ ਉੱਥੇ ਵੀ ਆ ਜਾਣਾ ਸੀ ਤੇ ਫ਼ਕੀਰ ਨੇ ਤਾਂ ਵੀ ਮਾਰਿਆ ਜਾਣਾ ਸੀ। ਕੁੱਕੜ ਨੇ ਵੀ ਤੜਕੇ ਚਾਰ ਵਜੇ ਬਾਂਗ ਦੇਣੀ ਸੀ, ਫ਼ਕੀਰ ਨੇ ਤਾਂ ਵੀ ਮਾਰਿਆ ਜਾਣਾ ਸੀ। ਗਧੇ ਨੇ ਵੀ ਸਵੇਰੇ ਹਲੰਘਣਾ ਸੀ, ਇਹ ਸੁਣ ਕੇ ਡਾਕੂਆਂ ਨੇ ਆ ਜਾਣਾ ਸੀ ਤੇ ਫ਼ਕੀਰ ਨੇ ਤਾਂ ਵੀ ਮਾਰਿਆ ਜਾਣਾ ਸੀ।

ਸੋ ਪ੍ਰਮਾਤਮਾ ਤੇ ਸੱਚੇ ਦਿਲੋਂ ਵਿਸ਼ਵਾਸ ਰੱਖ ਕੇ ਤੁਰਿਆ ਰਹਿਣ ਕਰਕੇ ਫ਼ਕੀਰ ਦੀ ਜਾਨ ਬਚ ਗਈ।






ਹਿੰਦੀ ਸਿਨੇਮਾ ਦੀ ਲਿਜੈਂਡਰੀ ਐਕਟ੍ਰੈਸ ਨਰਗਿਸ ਦੱਤ ਜੇਕਰ ਅੰਜ ਸਾਡੇ ਵਿਚਕਾਰ ਹੁੰਦੀ ਤਾਂ ਉਹ ਆਪਣਾ 89ਵਾਂ ਜਨਮ ਦਿਨ ਮਨਾ ਰਹੀ ਹੁੰਦੀ। ਉਹਨਾਂ ਦਾ ਜਨਮ 1 ਜੂਨ 1929 ਨੂੰ ਮੋਹਨ ਬਾਬੂ ਅਤੇ ਜੰਦਨਬਾਈ ਦੇ ਘਰ ਹੋਇਆ ਸੀ। ਜਦੋਂ ਨਰਗਿਸ ਸਿਰਫ 6 ਸਾਲ ਦੀ ਸੀ, ਉਦੋਂ ਉਹਨਾਂ ਦਾ ਫਿਲਮੀ ਸਫਰ ਆਰੰਭ ਹੋਇਆ। ਫਿਲਮ ਦਾ ਨਾਂ ਸੀ ਤਲਾਸ਼-ਏ-ਹੱਕ। 1935 ਵਿਚ ਰਿਲੀਜ਼ ਹੋਈ ਇਸ ਫਿਲਮ ਤੋਂ ਬਾਅਦ ਉਹ ਫਾਤਿਮਾ ਰਸ਼ੀਦ ਤੋਂ ਨਰਗਿਸ ਬਣ ਗਈ। ਇੱਥੇ ਉਹ ਨਾਂ ਸੀ, ਜੋ ਉਹਨਾਂ ਦਾ ਫਿਲਮੀ ਨਾਂ ਬਣਿਆ। ਇਸ ਤੋਂ ਬਾਅਦ ਉਹਨਾਂ ਨੇ ਕਈ ਫਿਲਮਾਂ ਵਿਚ ਕੰਮ ਕੀਤਾ। 1941 ਵਿਚ ਸਿਨੇਮਾ ਘਰਾਂ ਵਿਚ ਆਏ. ਤਕਦੀਰ ਫਿਲਮ ਬਤੌਰ ਨਾਇਕਾ ਉਹਨਾਂ ਦੀ ਪਹਿਲੀ ਫਿਲਮ ਸੀ। ਫਿਲਮ ਦੇ ਹੀਰੋ ਸਨ ਮੋਤੀਲਾਲ। ਜਦੋਂ ਇਹ ਫਿਲਮ ਰਿਲੀਜ਼ ਹੋਈ, ਉਦੋਂ ਨਰਗਿਸ ਦੀ ਉਮਰ ਸਿਰਫ 14 ਸਾਲ ਸੀ। ਇਸ ਵਿਚਕਾਰ 40 ਤੋਂ 50 ਦੇ ਦਹਾਕੇ ਵਿਚਕਾਰ ਉਹਨਾਂ ਨੇ ਕਈ ਪਾਪੂਲਰ ਫਿਲਮਾਂ ਵਿਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।

## ਬਾਲੀਵੁੱਡ ਕਪਲਸ

# ਚਰਚਾ ਵਿਚ ਰਿਹਾ ਇਹਨਾਂ ਦਾ ਪਿਆਰ, ਪਰ ਨਹੀਂ ਹੋ ਸਕਿਆ ਵਿਆਹ



### ਰਾਜਕਪੂਰ ਦੇ ਨਾਲ ਸੀ ਇੰਟੀਮੇਟ ਰਿ-ਲੇਸ਼ਨਸ਼ਿਪ

ਬਾਲੀਵੁੱਡ ਦੇ ਪਹਿਲੇ ਸ਼ੋਅ ਮੈਨ ਰਾਜਕਪੂਰ ਦੇ ਨਾਲ ਨਰਗਿਸ ਦੀ ਇੰਟੀਮੇਟ ਰਿਲੇਸ਼ਨਸ਼ਿਪ ਸੀ। ਇਹ ਦੋਵੇਂ ਸਟਾਰ ਸਿਰਫ ਰੀਲ ਲਾਈਫ ਵਿਚ ਨਹੀਂ, ਬਲਕਿ ਰੀਅਲ ਲਾਈਫ ਵਿਚ ਵੀ ਰੋਮਾਂਟਿਕ ਕਪਲ ਸਨ। ਉਥੇ ਹੀ ਉਹਨਾਂ ਦੀ ਆਨਸਕ੍ਰੀਨ ਕੈਮਿਸਟਰੀ ਦਰਸ਼ਕਾਂ ਨੇ ਖ਼ੂਬ ਪਸੰਦ ਕੀਤੀ, ਨਰਗਿਸ ਨੇ ਰਾਜਕਪੂਰ ਦੇ ਨਾਲ ਕੁੱਲ 16 ਫਿਲਮਾਂ ਕੀਤੀਆਂ, ਜਿਹਨਾਂ ਵਿਚੋਂ 6 ਫਿਲਮਾਂ ਆਰ. ਕੇ. ਬੇਨਰ ਦੀਆਂ ਹੀ ਸਨ। ਇਸ ਲਿਸਟ ਵਿਚਹ ਆਗ, ਬਰਸਾਤ, ਅੰਦਾਜ, ਅਵਾਰਾ, ਆਹ, ਸ਼੍ਰੀ 420, ਜਾਗਤੇ ਰਹੋ ਅਤੇ ਚੋਰੀ ਚੋਰੀ ਵਰਗੀਆਂ ਯਾਦਗਾਰ ਫਿਲਮਾਂ ਸ਼ਾਮਲ ਹਨ। ਦੱਸਿਆ ਜਾਂਦਾ ਹੈ ਕਿ ਰਜਕਪੂਰ ਨਰਗਿਸ ਦਾ ਪਹਿਲਾ ਪਿਆਰ ਸੀ।

### ਵਿਆਹੇ ਸਨ ਰਾਜਕਪੂਰ, ਇਸ ਕਰਕੇ ਨਹੀਂ ਕੀਤਾ ਨਰਗਿਸ ਨਾਲ ਵਿਆਹ

ਜਦੋਂ ਨਰਗਿਸ 19 ਸਾਲ ਦੀ ਸੀ, ਉਦੋਂ ਉਸਦਾ ਰਾਜ ਦਾ ਨਾਲ ਰਿਸ਼ਤਾ ਜੁੜਿਆ। ਹੌਲੀ ਹੌਲੀ ਇਹ ਰਿਲੇਸ਼ਨ ਪਿਆਰ ਵਿਚ ਬਦਲ ਗਿਆ। ਬਾਅਦ ਵਿਚ ਨਰਗਿਸ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਪਿਆਰ ਇਕ ਪਾਸੜ ਅਤੇ ਫਜ਼ੂਲ ਹੈ। ਉਥੇ ਰਾਜ ਨਰਗਿਸ ਦੇ ਰੁਝਾਨ ਨੂੰ ਲੈ ਕੇ ਨਿਰਾਸ਼ ਹੀ ਬਣਿਆ ਰਿਹਾ। ਇਸਦੀ ਵਜ੍ਹਾ ਇਹ ਸੀ ਕਿ ਰਾਜਕਪੂਰ ਵਿਆਹਿਆ ਸੀ ਅਤੇ ਉਹ ਆਪਣੀ ਪਤਨੀ ਕ੍ਰਿਸ਼ਨਾ ਕਪੂਰ ਅਤੇ ਬੱਚਿਆਂ ਨੂੰ ਛੱਡ ਕੇ ਨਰਗਿਸ ਨਾਲ ਵਿਆਹ ਨਹੀਂ ਕਰ ਸਕਦੇ ਸਨ।

### ਸੁਨੀਲ ਦੱਤ ਦੀ ਐਂਟਰੀ ਤੋਂ ਪਹਿਲਾਂ ਨਰਗਿਸ ਨੇ ਬਣਾ ਲਿਆ ਸੀ ਖੁਦਕੁਸ਼ੀ ਦਾ ਮਨ

ਫਿਰ ਨਰਗਿਸ ਦੀ ਜ਼ਿੰਦਗੀ ਵਿਚ ਐਕਟਰ ਸੁਨੀਲ ਦੱਤ ਦੀ ਐਂਟਰੀ ਹੋਈ। ਇਹ ਉਦੋਂ ਦੀ ਗੱਲ ਹੈ ਜਦੋਂ ਮਹਿਬੂਬ ਖਾਨ ਦੀ ਫਿਲਮ ਮਦਰ ਇੰਡੀਆ ਦੀ ਸ਼ੂਟਿੰਗ ਚੱਲ ਰਹੀ ਸੀ। ਇਸ ਫਿਲਮ ਵਿਚ ਸੁਨੀਲ ਦੱਤ ਨਰਗਿਸ ਦ ਲੜਕੇ ਦੀ ਭੂਮਿਕਾ ਵਿਚ ਸੀ। ਸ਼ੂਟਿੰਗ ਦੇ ਦੌਰਾਨ ਅੱਗ ਦਾ ਇਕ ਸੀਨ ਫਿਲਮਾਇਆ ਜਾ ਰਿਹਾ ਸੀ, ਤਾਂ ਹੀ ਨਰਗਿਸ ਅੱਗ ਦੀਆਂ ਲਪਟਾਂ ਵਿਚ ਘਿਰ ਗਈ। ਨਰਗਿਸ ਤੇ ਆਈ ਇਸ ਆਫਤ ਨੂੰ ਦੇਖ ਕੇ ਸੁਨੀਲ ਦੰਤ ਅੱਗ ਵਿਚ ਕੁੱਦ ਪਏ ਅਤੇ ਉਹਨਾਂ ਨੇ ਉਹਨਾਂ ਦੀ ਜਾਨ ਬਚਾਈ। ਇਸ ਹਾਦਸੇ ਤੋਂ ਬਾਅਦ ਨਰਗਿਸ ਸੁਨੀਲ ਦੱਤ ਤੋਂ ਬੇਹੱਦ ਪ੍ਰਭਾਵਿਤ ਹੋਈ ਅਤੇ ਉਹਨਾਂ ਨੇ ਆਪਣਾ ਦਿਲ ਦੇ ਬੈਠੀ। ਦੱਸਿਆ ਜਾਂਦਾ ਹੈ ਕਿ ਸੁਨੀਲ ਦੱਤ ਨੂੰ ਮਿਲਣ ਤੋਂ ਪਹਿਲਾਂ ਨਰਗਿਸ ਨੇ ਖੁਦਕੁਸ਼ੀ ਕਰਨ ਦਾ ਮਨ ਬਣਾ ਲਿਆ ਸੀ।



### ਦਲੀਪ ਕੁਮਾਰ ਅਤੇ ਮਧੂਬਾਲਾ

ਦਲੀਪ ਕੁਮਾਰ ਅਤੇ ਮਧੂਬਾਲਾ ਦੀ ਨਾਕਾਮ ਮੁਹੱਬਤ ਵੀ ਦਰਦਨਾਕ ਅੰਜ਼ਾਮ ਤੱਕ ਪਹੁੰਚੀ। ਜਦੋਂ ਇਹਨਾਂ ਦੋਵੇਂ ਸਟਾਰਾਂ ਵਿਚਕਾਰ ਇਸ਼ਕ ਦਾ ਸਿਲਸਿਲਾ ਆਰੰਭ ਹੋਇਆ ਤਾਂ ਮਧੂਬਾਲਾ ਦੀ ਉਮਰ 17 ਸਾਲ ਸੀ। ਉਹ ਇਸ ਰਿਸ਼ਤੇ ਨੂੰ ਲੈ ਕੇ ਬਹੁਤ ਹੀ ਸੰਜੀਦਾ ਸੀ। ਮੁਹੱਬਤ ਦੀ ਦਾਸਤਾਨ ਬੇਸ਼ੱਕ ਹੀ ਮਧੂਬਾਲਾ ਨੇ ਆਰੰਭ ਕੀਤੀ ਸੀ, ਪਰ ਦਲੀਪ ਕੁਮਾਰ ਵੀ ਉਹਨਾਂ ਨੂੰ ਬੇਸ਼ੁਮਾਰ ਪਿਆਰ ਕਰਦੇ ਸਨ। ਇਸ ਜੋੜੀ ਨੇ ਤਰਾਨਾ, ਸੰਗਦਿਲ, ਅਮਰ ਅਤੇ ਮੁਗਲ ਏ ਆਜ਼ਮ ਵਰਗੀਆਂ ਫਿਲਮਾਂ ਵਿਚ ਮੁੱਖ ਕਿਰਦਾਰ ਨਿਭਾਇਆ।

ਇਹਨਾਂ ਦੋਵੇਂ ਸਟਾਰਾਂ ਦੇ ਰਿਸ਼ਤਿਆਂ ਵਿਚ ਕੜਵਾਹਟ ਉਦੋਂ ਆਈ, ਜਦੋਂ ਬੀ. ਆਰ. ਚੋਪੜਾ ਨਯਾ ਦੌਰ ਬਣਾ ਰਹੇ ਸਨ। ਇਸ ਫਿਲਮ ਵਿਚ ਉਹਨਾਂ ਨੇ ਦਲੀਪ ਕੁਮਾਰ ਦੇ ਨਾਲ ਮਧੂਬਾਲਾ ਨੂੰ ਕਾਸਟ ਕੀਤਾ ਸੀ। ਫਿਲਮ ਦੀ ਆਊਟਡੋਰ ਸ਼ੂਟਿੰਗ ਭੋਪਾਲ ਦੇ ਕੋਲ ਬੁਧਨੀ ਵਿਚ ਹੋਣੀ ਸੀ ਪਰ ਮਧੂਬਾਲਾ ਦੇ ਪਿਤਾ ਅਤਾਉਲਾ ਖਾਨ ਨਹੀਂ ਚਾਹੁੰਦੇ ਸਨ ਕਿ ਸ਼ੂਟਿੰਗ ਮੁੰਬਈ ਤੋਂ ਕਿਤੇ ਦੂਰ ਹੋਵੇ। ਉਥੇ ਬੀ. ਆਰ. ਚੋਪੜਾ ਖਾਨ ਸਾਹਿਬ ਦੀ ਇਸ ਗੱਲ ਨਾਲ ਸਹਿਮਤ ਨਹੀਂ ਸਨ। ਇਹ ਝਗੜਾ ਇੰਨਾ ਵੱਧ ਗਿਆ ਕਿ ਤੈਸ਼ ਵਿਚ ਆ ਕੇ ਬੀ. ਆਰ. ਚੋਪੜਾ ਨੇ ਮਧੂਬਾਲਾ ਨੂੰ ਹਟਾ ਕੇ ਵੈਜੰਤੀ ਮਾਲਾ ਨੂੰ ਫਿਲਮ ਵਿਚ ਲੈ ਲਿਆ। ਇਸ ਪੂਰੇ ਮਾਮਲੇ ਵਿਚ ਦਲੀਪ ਕੁਮਾਰ ਨੇ ਬੀ. ਆਰ. ਚੋਪੜਾ ਨੇ ਮਧੂਬਾਲਾ ਨੂੰ ਹਟਾ ਕੇ ਵੈਜੰਤੀ ਮਾਲਾ ਨੂੰ ਫਿਲਮ ਵਿਚ ਲੈ ਲਿਆ। ਇਸ ਪੂਰੇ ਮਾਮਲੇ ਵਿਚ ਦਲੀਪ ਕੁਮਾਰ ਨੇ ਬੀ. ਆਰ. ਚੋਪੜਾ ਦੀ ਸਪੋਰਟ ਕੀਤੀ।

ਆਖਿਰ, ਅਤਾਉਲਾ ਖਾਨ ਇਸ ਕੇਸ ਨੂੰ ਕੋਰਟ ਵਿਚ ਲੈ ਗਏ ਅਤੇ ਫਿਲਮ ਦੀ ਸ਼ੂਟਿੰਗ ਤੇ ਰੋਕ ਲਗਾਉਣ ਦੀ ਮੰਗ ਕਰ ਦਿੱਤੀ। ਜਿਸਦੇ ਜਵਾਬ ਵਿਚ ਬੀ. ਆਰ. ਚੋਪੜਾ ਨੇ ਫਿਲਮ ਦੇ ਲਈ ਮਧੂਬਾਲਾ ਨੂੰ ਬਤੌਰ ਪੇਸ਼ਗੀ ਦਿੱਤੇ 30 ਹਜ਼ਾਰ ਰੁਪਏ ਵਾਪਸੀ ਦਾ ਮੁਕੱਦਮਾ ਦਾਇਰ ਕਰ ਦਿੱਤਾ। ਇਸ ਦੌਰਾਨ ਦਲੀਪ ਕੁਮਾਰ ਨੂੰ ਗਵਾਹੀ ਦੇ ਲਈ ਕੋਰਟ ਵਿਚ ਬੁਲਾਇਆ ਗਿਆ। ਜਿੱਥੇ ਉਹਨਾਂ ਨੇ ਦੂਜੇ ਸਵਾਲਾਂ ਦੇ ਜਵਾਬ ਦੇਣ ਦੇ ਨਾਲ ਹੀ ਇਹ ਵੀ ਕਿਹਾ, ਹਾਂ ਮੈਂ ਮਧੂ ਨਾਲ ਪਿਆਰ ਕਰਦਾ ਹਾਂ ਅਤੇ ਉਸਨੂੰ ਹਮੇਸ਼ਾ ਪਿਆਰ ਕਰਦਾ ਰਹਾਂਗਾ। ਸਰੇਆਮ ਇਸ਼ਕ ਦਾ ਇਜ਼ਹਾਰ ਕਰਨ ਤੋਂ ਬਾਅਦ ਵੀ ਇਸ ਲਵ ਸਟੋਰੀ ਦਾ ਦਰਦਨਾਕ ਅੰਤ ਹੋ ਗਿਆ।



### ਸੰਜੇ ਦੱਤ ਅਤੇ ਮਾਧੁਰੀ ਦੀਕਸ਼ਿਤ

90 ਦੇ ਦਹਾਕੇ ਵਿਚ ਅਭਿਨੇਤਾ ਸੰਜੇ ਦੱਤ ਅਤੇ ਮਾਧੁਰੀ ਦੀਕਸ਼ਿਤ ਦਾ ਪਿਆਰ ਵੀ ਪਰਵਾਨ ਚੜ੍ਹਿਆ ਸੀ। ਕੈਂਸਰ ਦੀ ਵਜ੍ਹਾ ਕਾਰਨ ਪਤਨੀ ਰਿਚਾ ਸ਼ਰਮਾ ਦੀ ਮੌਤ ਤੋਂ ਬਾਦ ਸੰਜੇ ਦੱਤ ਦਾ ਝੁਕਾਅ ਬਾਲੀਵੁੱਡ ਦੀ ਧੱਕ ਧੱਕ ਗਰਲ ਮਾਧੁਰੀ ਦੀਕਸ਼ਿਤ ਵੱਲ ਹੋਇਆ। ਇਹ ਸਿਲਸਿਲਾ ਫਿਲਮ 'ਸਾਜਨ' ਦੇ ਸੈਟ ਤੇ ਹੋਇਆ। ਰੀਅਲ ਲਾਈਫ ਵਿਚ ਇਹ ਰੋਮਾਂਟਿਕ ਕਪਲ ਕਾਫੀ ਸੁਰਖੀਆਂ ਵਿਚ ਰਿਹਾ।

ਇਕ ਪਾਸੇ ਦੋਵੇਂ ਇਕ ਦੂਜੇ ਨਾਲ ਬੇਹੱਦ ਪਿਆਰ ਕਰਦੇ ਸਨ, ਉਥੇ ਹੀ ਦੂਜੇ ਪਾਸੇ ਮਾਧੁਰੀ ਦੇ ਪਿਤਾ ਇਸ ਰਿਲੇਸ਼ਲਸ਼ਿਪ ਤੋਂ ਖੁਸ਼ ਨਹੀਂ ਸਨ। ਇਸ ਦਰਮਿਆਨ ਮੁੰਬਈ ਬੰਬ ਕਾਂਡ ਹੋਇਆ, ਜਿਸ ਵਿਚ ਸੰਜੇ ਦੱਤ ਦਾ ਨਾਂ ਵੀ ਜੁੜਿਆ। ਉਹ ਟਾਡਾ ਦੇ ਤਹਿਤ ਗ੍ਰਿਫਤਾਰ ਕਰ ਲਏ ਗਏ। ਇੱਥੋਂ ਉਹ ਘਟਨਾ ਸੀ, ਜਿਸ ਤੋਂ ਬਾਅਦ ਮਾਧੁਰੀ ਨੇ ਸੰਜੇ ਦੱਤ ਨਾਲੋਂ ਦੂਰੀਆਂ ਬਣਾ ਲਈਆਂ। ਇਸ ਤਰ੍ਹਾਂ ਨਾਲ ਇਹ ਪ੍ਰੇਮ ਕਹਾਣੀ ਵੀ ਅੰਜ਼ਾਮ ਤੱਕ ਨਹੀਂ ਪਹੁੰਚ ਸਕੀ। ਸੰਜੇ ਨੇ ਮਾਧੁਰੀ ਦੀਕ-ਸ਼ਿਤ ਦੇ ਨਾਲ ਖਲਨਾਇਕ, ਖਤਰੋਂ ਕੇ ਖਿਲਾੜੀ, ਥਾਣੇਦਾਰ ਅਤੇ ਇਲਾਕਾ ਵਰਗੀਆਂ ਕੁਝ ਫਿਲਮਾਂ ਕੀਤੀਆਂ।



### ਅਕਸ਼ੈ ਕੁਮਾਰ ਅਤੇ ਸ਼ਿਲਪਾ ਸ਼ੈਟੀ


ਬਾਲੀਵੁੱਡ ਸਟਾਰ ਅਕਸ਼ੈ ਕੁਮਾਰ ਅਤੇ ਸ਼ਿਲਪਾ ਸ਼ੈਟੀ ਦੀ ਲਵਸਟੋਰੀ ਵੀ ਘੱਟ ਦਿਲਚਸਪ ਨਹੀਂ ਹੈ। ਅਕਸ਼ੈ ਨੇ ਸ਼ਿਲਪਾ ਸ਼ੈਟੀ ਦੇ ਨਾਲ ਧੜਕਣ, ਜਾਨਵਰ, ਇਨਸਾਫ ਅਤੇ ਮੈਂ ਖਿਲਾੜੀ ਤੂੰ ਅਨਾੜੀ ਵਰਗੀਆਂ ਕੁਝ ਫਿਲਮਾਂ ਵਿਚ ਕੰਮ ਕੀਤਾ।

ਨਾਲ ਹੀ ਫਿਲਮ ਕਰਦੇ-ਕਰਦੇ ਦੋਵਾਂ ਵਿਚਕਾਰ ਇਕ ਲਵਸਟੋਰੀ ਦਾ ਜਨਮ ਹੋਇਆ। ਅਕਸ਼ੈ ਦੀ ਇਮੇਜ ਬਾਲੀਵੁੱਡ ਦੇ ਮਾਹਿਰ ਲਵਰ ਵਿਚ ਸੀ। ਉਹਨਾਂ ਦਾ ਨਾਂ ਰਵੀਨਾ ਟੰਡਨ, ਪੂਜਾ ਬੱਤਰਾ ਅਤੇ ਮਮਤਾ ਕੁਲਕਰਨੀ ਦੇ ਨਾਲ ਵੀ ਜੁੜਿਆ। ਉਥੇ ਹੀ ਸ਼ਿਲਪਾ ਅਕਸ਼ੈ ਤੇ ਪੂਰੀ ਤਰ੍ਹਾਂ ਫਿਦਾ ਸੀ।

ਪਰ ਇਸੇ ਵਿਚਕਾਰ ਸ਼ਿਲਪਾ ਸ਼ੈਟੀ ਦਾ ਦਿਲ ਟੁੱਟ ਗਿਆ, ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਅਕਸ਼ੈ ਉਸਨੂੰ ਧੋਖਾ ਦੇ ਰਿਹਾ ਹੈ ਅਤੇ ਉਹਨਾਂ ਦਾ ਰੁਝਾਨ ਅਭਿਨੇਤਰੀ ਟਵਿੰਕਲ ਖੰਨਾ ਵੱਲ ਹੋ ਗਿਆ। ਸ਼ਿਲਪਾ ਜਾਂ ਕੋਈ ਹੋਰ ਜਦੋਂ ਤੱਕ ਇਸ ਚੀਜ਼ ਨੂੰ ਹਜ਼ਮ ਕਰ ਸਕੇ, ਇਸ ਤੋਂ ਪਹਿਲਾਂ ਹੀ ਅਕਸ਼ੈ ਟਵਿੰਕਲ ਦੇ ਨਾਲ ਵਿਆਹ ਕਰ ਚੁੱਕੇ ਸਨ। ਫਿਲਹਾਲ ਸ਼ਿਲਪਾ ਵੀ ਬਿਜਨਸਮੈਨ ਰਾਜ ਕੁੰਦਰਾ ਦੇ ਨਾਲ ਵਿਆਹੀ ਜ਼ਿੰਦਗੀ ਬਤੀਤ ਕਰ ਰਹੀ ਹੈ।

### ਸ਼ਾਹਿਦ ਕਪੂਰ ਅਤੇ ਕਰੀਨਾ ਕਪੂਰ

ਸ਼ਾਹਿਦ ਕਪੂਰ ਅਤੇ ਕਰੀਨਾ ਕਪੂਰ ਦੀ ਮੁਹੱਬਤ ਦੀ ਦਾਸਤਾਨ ਵੀ ਕਾਫੀ ਸੁਰਖੀਆਂ ਵਿਚ ਰਹੀ। ਇਹ ਦੋਵੇਂ ਲਵਾ ਬਰਡਸ 'ਮਿਲੇਂਗੇ ਮਿਲੇਂਗੇ, ਚੁੱਪ ਚੁੱਪ ਕੇ, 36 ਚਾਈਨਾ ਟਾਊਨ, ਜਬ ਵੀ ਮੇਟ ਅਤੇ ਫਿਦਾ' ਵਰਗੀਆਂ ਫਿਲਮਾਂ ਵਿਚ ਨਜ਼ਰ ਆਏ। ਇਸ ਦੌਰਾਨ ਦੋਵਾਂ ਵਿਚਕਾਰ ਪਿਆਰ ਦੇ ਬੀਜ ਪੈਦਾ ਹੋਏ। ਇਹ ਲਵਸਟੋਰੀ ਕਿਸੇ ਅੰਜ਼ਾਮ ਤੱਕ ਪਹੁੰਚ ਪਾਉ ਇਸ ਤੋਂ ਪਹਿਲਾਂ ਹੀ ਇਸ ਵਿਚ ਛੋਟੇ ਨਵਾਬ ਯਾਨਿ ਸੈਫ ਅਲੀ ਖਾਨ ਦੀ ਐਂਟਰੀ ਹੋ ਗਈ। ਹੋਇਆ ਇਹ ਕਿ ਸ਼ਾਹਿਦ ਜਦੋਂ ਕੈਨੇਡਾ ਵਿਚ ਅਜੀਜ ਮਿਰਜ਼ਾ ਦੀ ਇਕ ਫਿਲਮ ਸ਼ੂਟਿੰਗ ਵਿਚ ਬਿਜੀ ਸੀ ਤਾਂ ਕਰੀਨਾ ਸੈਫ ਦੇ ਨਾਲ ਜੈਸਲਮੇਰ ਵਿਚ ਯਸ਼ ਚੋਪੜਾ ਦੀ ਫਿਲਮ ਟਸ਼ਨ ਦੀ ਸ਼ੂਟਿੰਗ ਕਰ ਰਹੀ ਸੀ। ਉਥੇ ਹੀ ਸੈਫ ਅਤੇ ਕਰੀਨਾ ਦੀ ਪ੍ਰੇਮ ਕਹਾਣੀ ਆਰੰਭ ਹੋਈ। ਇੱਥੋਂ ਤੱਕ ਕਿ ਕਰੀਨਾ ਨੇ ਸ਼ਾਹਿਦ ਦੇ ਫੋਨ ਕਾਲਜ਼ ਚੁੱਕਣੇ ਵੀ ਬੰਦ ਕਰ ਦਿੱਤੇ। ਉਹ ਸ਼ਾਹਿਦ ਦੇ ਕਿਸੇ ਐਸ ਐਮ ਐਸ ਦਾ ਜਵਾਬ ਦਿੰਦੀ। ਜਦੋਂ ਸ਼ਾਹਿਦ ਅਤੇ ਕਰੀਨਾ ਦੀ ਫਿਲਮ ਜਬ ਵੀ ਮੇਟ ਆਈ ਤਾਂ ਇਸ ਤੋਂ ਪਹਿਲਾਂ ਹੀ ਦੋਵਾਂ ਦੀ ਮੁਹੱਬਤ ਦਾ ਅੰਤ ਹੋ ਗਿਆ।



### ਜਾਨ ਅਬ੍ਰਾਹਮ ਅਤੇ ਬਿਪਾਸ਼ਾ ਬਸੂ


ਮੰਨਿਆ ਜਾਂਦਾ ਹੈ ਕਿ ਫਿਲਮ 'ਜਿਸਮ' ਦੇ ਦੌਰਾਨ ਜਾਨ ਅਬ੍ਰਾਹਮ ਅਤੇ ਬਿਪਾਸ਼ਾ ਬਸੂ ਵਿਚਕਾਰ ਪ੍ਰੇਮ ਕਹਾਣੀ ਆਰੰਭ ਹੋਈ। ਲੱਗਭੰਗ 8 ਸਾਲਾਂ ਤੱਕ ਦੋਵਾਂ ਵਿਚਕਾਰ ਡੇਟਿੰਗ ਚੱਲੀ। ਇਹ ਦੋਵੇਂ ਇਕ ਦੂਜੇ ਨੂੰ ਮਾਡਲਿੰਗ ਦੇ ਜ਼ਮਾਨੇ ਤੋਂ ਵੀ ਜਾਣਦੇ ਸਨ। ਦੋਵਾਂ ਨੇ ਕਈ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ। ਬੀ-ਟਾਊਨ ਵਿਚ ਸਾਰੇ ਇਹੀ ਸਮਝ ਰਹੇ ਸਨ ਕਿ ਇਹ ਲਵ ਕਪਲ ਵਿਆਹ ਕਰਨਗੇ। ਪਰ ਇਸੇ ਵਿਚਕਾਰ ਇਕ ਦਿਨ ਦੋਵਾਂ ਦਾ ਬ੍ਰੇਕਅਪ ਹੋ ਗਿਆ। 2008 ਵਿਚ ਜਦੋਂ ਬਿਪਾਸ਼ਾ ਨੇ ਅੰਗੂਠੀ ਪਾਈ ਤਾਂ ਸਾਰਿਆਂ ਨੂੰ ਇਹ ਲੱਗਿਆ ਕਿ ਜਾਨ ਅਤੇ ਬਿਪਾਸ਼ਾ ਦੀ ਸਗਾਈ ਹੋ ਚੁੱਕੀ ਹੈ ਪਰ ਬਾਅਦ ਵਿਚ ਦੋਵਾਂ ਨੇ ਇਸਦਾ ਖੰਡਨ ਕਰ ਦਿੱਤਾ ਅਤੇ ਕਿਹਾ ਕਿ ਹਾਲੇ ਉਹਨਾਂ ਦੀ ਸਗਾਈ ਨਹੀਂ ਹੋਈ। 2011 ਤੋਂ ਇਹਨਾਂ ਦੇ ਬ੍ਰੇਕਅਪ ਦੀਆਂ ਖਬਰਾਂ ਆਉਣ ਲੱਗੀਆਂ। ਇਸ ਤੋਂ ਬਾਅਦ ਆਖਿਰਕਾਰ ਬਿਪਾਸ਼ਾ ਨੇ ਆਪਣੇ ਬ੍ਰੇਕਅਪ ਦੇ ਸਸਪੈਂਸ ਨੂੰ ਖਤਮ ਕਰ ਹੀ ਦਿੱਤਾ। 2011 ਵਿਚ ਇਕ ਅਖਬਰ ਨੂੰ ਦਿੱਤੀ ਇੰਟਰਵਿਊ ਵਿਚ ਬਿਪਾਸ਼ਾ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਉਹ ਪਿਛਲੇ 17 ਸਾਲ ਵਿਚ ਪਹਿਲੀ ਵਾਰ ਸਿੰਗਲ ਹੈ।






ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ 14 ਜੂਨ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਅਤੇ ਕਮੇਟੀ ਵੱਲੋਂ 21 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 12 ਜੂਨ (ਸ਼ੁੱਕਰਵਾਰ)
ਪਾਠ ਦੇ ਭੋਗ ਅਤੇ ਕੀਰਤਨ ਦਰਬਾਰ 14 ਜੂਨ (ਐਤਵਾਰ)




ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938


ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ
ਗੁਰੂ ਘਰ ਦਾ ਫੋਨ ਨੰਬਰ
**530-674-2564**

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

**SHRI GURU RAVIDASS TEMPLE 1480 HAYNE AVENUE, YUBA CITY, CA 95993**




ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ 14 ਜੂਨ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਪ੍ਰੋਗਰਾਮ ਅਤੇ ਲੰਗਰ ਦੀ ਸੇਵਾ ਅਜੇ ਕੁਮਾਰ ਨਰ (ਪੀਟਾ ਗੀਤਕਾਰ ) ਅਤੇ ਸਵਰਗਵਾਸੀ ਸ੍ਰੀ ਸੰਤ ਰਾਮ ਨਰ ਜੀ ਦੇ ਪਰਿਵਾਰ (S. N. Transport. Selma. 1326 Sarah Street, Selma CA. 93662) ਵੱਲੋਂ ਕੀਤੀ ਜਾਵੇਗੀ

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

**ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ, ਕੈਲੀਫੋਰਨੀਆ - 93662**
**2648 ਬਲੇਨੀ ਐਵੇਨਿਊ ਫੋਨ: 559-891-8286**

# Ideological Dimensions of Caste Violence & Coercive Pan-Brahmanism in South Asia

## Saturday, June 20, 2015, 4PM - 8PM

**University of the Pacific, DeRosa Ballroom**
**3601 Pacific Avenue, Stockton, CA 95211**







### Featuring:

**B.D. Borkar** (*Mulnivasi Sangh*) | **Pieter Friedrich** (*Sikh Information Centre*)
**Jada Bernard** (*Organization for Minorities of India*) | **Fr. Joshua Lickter** (*Incarnation Anglican Church*)
**Harinder Singh** (*Sikh Research Institute*) | *Not pictured:* **Umar Malick** (*Indian American Muslim Council*)
**Opening Remarks:** M. R. Paul | **Panel Moderator:** Dr. Amrik Singh | **Introductions:** Bhajan Singh

*Social organizations backed by India's ruling political forces have recently sponsored Ghar Wapsi campaigns to "reconvert" South Asians minorities (Buddhists, Christians, Muslims, and Sikhs) to Brahmanism through coercion and legislation. Some are tempted to perceive this as a recent phenomenon, but its ideological support lies in ancient texts and thoughts of Hindu thinkers and interpreters. Their writings provide a framework for portraying perpetrators of violence as the most humane, tolerant, and nonviolent actors.*

*This conference features scholars and activists who will question whether caste ideology has truly been abandoned by the supposed transformation of India into the world's largest democracy or if instead the democratic label has only disguised an authoritarian, autocratic, and totalitarian system that perpetuates supremacism through a Brahminical model.*

*In order to defend universal human dignity and the equal value of all human beings, this conference will offer voices in response to the twisted ideology and enforced social practice of casteism — a worldview in which some humans are considered superior and others inferior.*

## Hosted in collaboration with —

BRASF | MULNIVASI SANGH | ofmi organization for minorities of India | IAMC PEACE JUSTICE PLURALISM | EDUCATE ORGANISE AGITATE

*NO COST. OPEN TO ALL. TEA AND DINNER WILL BE SERVED.*



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**Buy Quality Used Trucks**

**ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ**

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ (ਦੀਵਾਲੀਆਪਣ), ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





## Call : Dharminder Singh

**Cell : 530-870-6600**

Email: myfuturetruck@gmail.com

2535 Front St. West Sacramento, CA 95691

Cell : 530-870-6600

Fax : 530-405-1429

---

# TANDOOR

**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:

Ph. 510-885-1212

Fax. 510-885-1532

---

Entry Free "ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ" Entry Free

# P.C.S. Sacramento

ਵਲੋਂ ਪੇਸ਼ ਹੈ 15ਵੀਆਂ

# ਤੀਆਂ TEEYAN




**On Sunday, the 16th AUGUST 2015 At 1.00 P. M.**

**AT S.E.S. Hall**

**10427 E. STOCKTON BLVD. ELK GROVE, CA 95624**

Featuring : Songs, Gidha, Dances, Skits, D.J. and Much More

**All LADIES AND GIRLS ARE INVITED**

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Laddi Thandi, Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010, Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com